॥ ਕਲਾਮ ਹੀਰ ॥

ਹੀਰ ਕੰਨ ਧਰਿਆ ਏਹ ਕੌਣ ਆਇਆ ਕੋਈ ਏਹ ਤਾਂ ਹੈ ਦਰਦਖਾਹ ਮੇਰਾ ॥ ਜੇਹੜਾ ਭੌਰ ਤਾਜਣ ਮੈਨੂੰ ਆਖਦਾ ਹੈ ਅਤੇ ਗਧਾ ਬਨਾਉਂਦਾ ਚਾ ਖੇੜਾ ॥ ਮਤਾਂ ਚਾਕ ਮੇਰਾ ਕਿਤੇ ਆਨ ਫਾਸੇ ਏਹਦੇ ਨਾਲ ਮੈਂ ਉੱਠਕੇ ਕਰਾਂ ਝੇੜਾ ॥ ਵਾਰਸ ਸ਼ਾਹ ਮਤ ਕੰਨ ਪੜਾਇ ਰਾਂਝਾ ਪਤ ਮੁੰਦਰਾਂ ਮੰਨਦਾ ਹੁਕਮ ਮੇਰਾ ॥ ਬੋਲੀ ਹੀਰ ਵੇ ਅੜਿਆ ਜਾਹ ਏਥੋਂ ਕੋਈ ਖੁਸ਼ੀ ਨਾ ਹੋਇ ਤਾਂ ਹੱਸੀਏ ਕਿਉਂ ॥ ਜਿਸ ਰੋਗ ਦਾ ਦਾਰੂੜਾ ਹੋਇ ਨਾਹੀਂ ਓਹਨੂੰ ਜੀਉ ਦਾ ਭੇਤ ਚਾ ਦੱਸੀਏ ਕਿਉਂ ॥ ਜੇਤਾਂ ਜਫ਼ਾ ਨਾ ਜਾਲਿਆ ਜਾਇ ਜੋਗੀ ਵਿਚ ਜੋਗ ਦੇ ਆਇਕੇ ਧੱਸੀਏ ਕਿਉਂ ॥ ਜੇਤਾਂ ਅੰਤ ਰੰਨਾਂ ਵਲ ਵੇਖਨਾ ਸੀ ਵਾਹੀ ਜੋਤਰੇ ਛੱਡਕੇ ਨੱਸੀਏ ਕਿਉਂ ॥ ਜੇਤਾਂ ਆਪ ਇਲਾਜ ਨਾ ਜਾਣੀਏ ਵੇ ਜਿੰਨ ਭੂਤ ਤੇ ਜਾਦੂੜੇ ਦੱਸੀਏ ਕਿਉਂ ॥ ਫਕਰ ਭਾਰੜੇ ਗੌਰੜੇ ਹੋਇ ਰਹੀਏ ਕੁੜੀ ਚਿੜੀ ਦੇ ਨਾਲ ਖਿੜ ਹੱਸੀਏ ਕਿਉਂ ॥ ਜੇੜ੍ਹਾ ਕੰਨ ਵਲ੍ਹੇਟ ਕੇ ਨੱਸ ਜਾਏ ਮਗਰ ਲੱਗ ਓਸਦੇ ਨੱਸੀਏ ਕਿਉਂ ॥ ਵਾਰਸਸ਼ਾਹ ਉਜਾੜਕੇ ਵਸਦਿਆਂ ਨੂੰ ਆਪ ਖ਼ੁਸ਼ੀਦੇ ਨਾਲ ਫਿਰ ਵੱਸੀਏ ਕਿਉਂ ॥

॥ ਕਲਾਮ ਜੋਗੀ ॥

ਘਰੋਂ ਸੱਖਣਾ ਫਕਰ ਨਾ ਕੂਮ ਜਾਏ ਅਨੀ ਖੇੜਿਆਂ ਦੀ ਗ਼ਲਾਮ ਖੋਰੀਏ ਨੀ ॥ ਕੋਈ ਵਡੀ ਤਕਸੀਰ ਹੈ ਅਸਾਂ ਕੀਤੀ ਸਦਕਾ ਹੁਸਨਦਾ

ਬੇਅਬ ਲ ਗੋਰੀਏਨੀ ॥ ਘਰੋਂ ਸਰੇ ਸੋ ਫਕਰਨੂੰ ਖੈਰ ਪਾਈਏ ਨਹੀਂ ਤੁਰਤ ਜਵਾਬਦੇ ਤੋਰੀਏ ਨੀ ॥ ਕਰਾਮਾਤ ਫਕੀਰਦੀ ਵੇਖਲਈਏ ਐਵੇਂ ਫਕਰਨੂੰ ਨਾਹਿ ਟਕੋਰੀਏਨੀ॥ਵਾਰਸਸ਼ਾਹ ਫਕੀਰਤੋਂ ਲਏ ਦਾਰੂ ਪ੍ਰੇਮ ਚੋਟ ਨੇ ਕੀਤੀਓਂ ਖੋਰੀਏ ਨੀ ॥

॥ ਕਲਾਮ ਹੀਰ ॥

ਹੀਰ ਆਖਦੀ ਜੋਗੀਆ ਝੂਠਬੋਲੇਂ ਕੌਨ ਵਿਛੜੇਯਾਰ ਮਿਲਾਂਵਦਾਏ॥ਐਸਾਕੋਈਨਮਿਲਿਆ ਮੈਂਢੂੰਡ ਥੱਕੀ ਜੇਹੜਾ ਗਿਆਂ ਨੂੰ ਮੋੜ ਲਿਆਂਵਦਾਏ॥ਸਾਡੇ ਚੰਮ ਦੀਆਂ ਜੁੱਤੀਆਂ ਕਰੇਕੋਈ ਜੇਹੜਾ ਯਾਰ ਨੂੰ ਆ ਮਿਲਾਂਵਦਾਏ ॥ ਸਾਡਾ ਯਾਰ ਜਾਨੀ ਜੇਹੜਾ ਆਣ ਮੇਲੇ ਸਿਰ ਸਦਕਾ ਓਸਦੇ ਨਾਉਂਦਾਏ ॥ਇਕ ਜੱਟਦੇ ਖੇਤਨੂੰ ਅੱਗ ਲੱਗੀ ਵੇਖ ਆਣਕੇ ਕਦੋਂ ਬੁਝਾਂਵਦਾਏ ॥ ਭਲਾ ਦਸਖਾਂ ਚਿਰੀਂ ਵਿਛੁੰਨਿਆਂ ਨੂੰ ਕਦੋਂ ਰੱਬ ਸੱਚਾ ਘਰ ਲਿਆਂਵਦਾਏ ॥ ਇਕ ਬਾਜ਼ ਤੋਂ ਕਾਉਂ ਨੇ ਕੂੰਜ ਖੋਹੀ ਵੇਖਾਂ ਚੁਪ ਹੈ ਕਿ ਕੁਰਲਾਂਵਦਾਏ ॥ ਮੀਆਂ ਮੋਏ ਤੇ ਵਿਛੜੇ ਕੌਣ ਮੇਲੇ ਐਵੇਂ ਜੀਵੜਾ ਲੋਕ ਵਿਲਾਂਵਦਾਏ ॥ ਦੇਵਾਂ ਚੂਰਮੇਘਿਉ ਦੇ ਥਾਲ ਦੀਵੇ ਵਾਰਸਸ਼ਾਹ ਸੋਹਣਾ ਕਦੋਂ ਆਂਵਦਾਏ ॥

॥ ਜਵਾਬ ਜੋਗੀ ॥

ਜਦੋਂ ਤੀਕਹੈ ਜ਼ਿਮੀ ਅਸਮਾਨ ਕਾਇਮ ਤਦੋਂ ਤੀਕ ਵਾਹੇ ਸੱਭ ਵਹਿਨਗੇ ਨੀ ॥ ਸੱਭ ਕਿਬਰ ਗੁਮਾਨ ਹੰਕਾਰ ਲੱਦੀ ਆਪਸ ਵਿਚ ਏਹ ਅੰਤ ਨੂੰ ਬਹਿਨਗੇ ਨੀ ॥ ਅਜ਼ਰਾਈਲ ਜਦ ਆਪ

ਕਰਨਾਇ ਫੂਕੇ ਤਦੋਂ ਜ਼ਿਮੀਂ ਅਸਮਾਨ ਵੀ ਢਹਿਨਗੇਨੀ ॥ ਕੁਰਸੀ ਅਰਸ਼ਤੇ ਲੋਹਤੇ ਕਲਮ ਜਿਤਨੀ ਨਾਲ ਦੋਜ਼ਖੇਂ ਰੂਹ ਸਭ ਰਹਿਨਗੇ ਨੀ ॥ ਕੁੱਰਰਾ ਸੱਟਕੇ ਪ੍ਰਸ਼ਨ ਮੈਂ ਲਾਉਂਦਾਹਾਂ ਦੱਸਾਂ ਤ੍ਰਿਨ੍ਹਾਂ ਜੋ ਉਠਕੇ ਬਹਿਨਗੇਨੀ ॥ ਨਾਲੇ ਪੱਤਰੀਖੋਲ੍ਹਕੇ ਸ਼ਗਨਾਵਾਂਚਾਂ ਵਾਰਸਸ਼ਾਹ ਹੋਰੀ ਸਭ ਕਹਿਨਗੇਨੀ ॥ ਤੁਸੀਂ ਛੱਤੀਆਂ ਨਾਲ ਉਹ ਮਸ ਭਿੰਨਾ ਤਦੋਂ ਦੂਹਾਂ ਦਾ ਜੀਉ ਰਲ ਗਿਆ ਸੀ ਨੀ ॥ ਓਹ ਇਸ਼ਕ ਦੇ ਹੱਥ ਵਿਕਾਇ ਰਹਿਆ ਮਹੀਆਂਕਿਸੇਦੀਆਂ ਚਾਰਦਾ ਰਹਿਆ ਸੀਨੀ ॥ ਓਹਦੇਂ ਭਲੀ ਨਾਲਤੂੰਨਾਲਲਦਕਾਂ ਜੀਉਦੂਹਾਂਦਾਦੂਹਾਂ ਖੱਸਲਿਆਸੀਨੀ॥ ਨਾਲ ਸ਼ੌਕ ਦੇ ਮੇਹੀਆਂ ਚਾਰੀਆਂ ਸੀ ਤੇਰਾਵਿਆਹਿ ਹੋਇਆ ਲੁੜਗਿਆ ਸੀ ਨੀ ॥ ਹੁਣ ਕੰਨ ਪੜਾਇ ਫ਼ਕੀਰ ਹੋਇਆ ਨਾਲ ਜੋਗੀਆਂ ਦੇ ਰਲ ਗਿਆਸੀ ਨੀ॥ ਜਾਂ ਤੂੰ ਚੜ੍ਹੀਡੋਲੀਤਾਂ ਓਹ ਹੱਕਮੱਝੀਂਟੰਮਕ ਚਾਇਕੇ ਨਾਲ ਲੈਗਿਆਸੀਨੀ ॥ ਅੱਜ ਗਾਉਂਤੁਸਾਡੜੇ ਆਵੜਿਆ ਅਜੇਲੰਘਕੇ ਅਗਾਂ ਨਾਗਿਆਸੀ ਨੀ ॥ ਹੁਨ ਸੰਗਲੀ ਸੁਟਕੇ ਸ਼ਗਨ ਵਾਚੇ ਵੱਡਾ ਸ਼ਾਗਨੀ ਥੋਂ ਸ਼ਗਨ ਲਿਆ ਸੀ ਨੀ ॥ ਵਾਰਸਸ਼ਾਹ ਮੈਂ ਪੱਤਰੀ ਫੂੰਝ ਡਿੱਠੀ ਕੁੱਰਰਾ ਏਸ ਨਜੂਮ ਦਾ ਪਿਆ ਸੀ ਨੀ ॥

॥ ਕਲਾਮ ਸ਼ਾਇਰ ॥

ਛੋਟੀ ਉਮਰ ਦੀ ਦੋਸਤੀ ਬਹੁਤ ਮੁਸ਼ਕਲ ਪੁੱਤ੍ਰ ਮਹਿਰਾਂਦੇ ਖੋਲੀਆਂ ਚਾਰਦੇ ਨੀ॥ ਕੰਨ ਪਾੜ ਫਕੀਰ ਹੋ ਜਾਨਰਾਜੇ ਸੱਠੋ

ਜ਼ਾਤ ਸਫ਼ਾਤ ਨਿਘਾਰਦੇ ਨੀ ॥ ਰੰਨਾਂ ਵਾਸਤੇ ਕੰਨ ਪੜਾਇ ਆਸ਼ਕ ਦਰਦਵੰਦ ਫਿਰਦੇ ਵਿੱਚ ਬਾਰਦੇਨੀ॥ਭਲੇ ਤਿਨਾਂਦੇ ਨੇਕ ਨਸੀਬ ਹੋਵਨ ਸੱਜਨ ਆਇ ਬੈਠੇ ਪਾਸ ਯਾਰਦੇਨੀ ॥ ਧਨ ਮਾਲ ਲੁਟਾਇਕੇ ਵੇਚ ਸਿਰਨੂੰ ਬਾਸ ਆਸ਼ਕਾਂ ਦੀ ਦੀਦ ਮਾਰਦੇ ਨੀ ॥ ਵਾਰਸਸ਼ਾਹ ਜਾਂ ਸ਼ੌਕ ਦੀ ਸਾਣ ਲੱਗੇ ਜੌਹਰ ਨਿਕਲਿਆ ਅਸਲ ਤਲਵਾਰਦੇ ਨੀ॥ ਜਿਸ ਜੱਟਦੇ ਖੇਤਨੂੰ ਅੱਗ ਲਗੀ ਓਹ ਰਾਹਕਾਂ ਵੱਢਕੇਗਾਹ ਲਿਆ ॥ ਲਾਵੀਹਾਰ ਰੱਖੇ ਸਭ ਵਿਦਾ ਹੋਵਨ ਨਾ ਉਮੈਦ ਹੋਕੇ ਜੱਟ ਰਾਹਪਿਆ॥ ਜੇਹ ਬਾਜ਼ ਤੋਂ ਕਾਉਂ ਨੇ ਕੂੰਜ ਖੋਹੀ ਸਬਰ ਸ਼ੁਕਰ ਕਰ ਬਾਜ਼ ਫ਼ਨਾਹ ਭਇਆ ॥ ਦੁਨੀਆਂ ਛੱਡ ਉਦਾਸੀਆਂ ਪਹਿਨ ਲਈਆਂ ਜੀਦਾ ਵਾਰਸੀ ਹੋ ਵਾਰਸ ਸ਼ਾਹ ਰਹਿਆ ॥

ਕਲਾਮ ਸ਼ਾਇਰ ॥

ਹੀਰ ਉੱਠ ਬੈਠੀ ਪਤੇ ਠੀਕ ਲੱਗੇ ਅਤੇ ਠੀਕ ਨਿਸ਼ਾਨੀਆਂ ਸਾਰੀਆਂ ਨੀ ॥ ਏਹਤਾਂ ਜੋਗੀੜਾ ਪੰਡਤ ਖ਼ੂਬ ਮਿਲਿਆ ਬਾਤਾਂ ਦਸਦਾ ਬਹੁਤ ਪਿਆਰੀਆਂ ਨੀ॥ ਪਤੇ ਵੰਝਲੀ ਦੇ ਏਸ ਠੀਕ ਦਿੱਤੇ ਅਤੇ ਸੱਚ ਜੇ ਮੱਝੀਆਂ ਚਾਰੀਆਂ ਨੀ॥ ਵਾਰਸਸ਼ਾਹ ਇਹ ਇਲਮ ਦਾ ਧਨੀ ਡਾਢਾ ਖੋਲ ਕਹੇ ਹਕੀਕਤਾਂ ਸਾਰੀਆਂ ਨੀ ॥

॥ ਕਲਾਮ ਹੀਰ ॥

ਭਲਾ ਦੱਸਖਾਂ ਜੋਗੀਆ ਚੋਰ ਸਾਡਾ ਹੁਨੇ ਕੇਹੜੀ ਤਰਫ਼ ਨੂੰ ਉੱਠ ਗਿਆ॥ ਵੇਖਾਂ ਆਪ ਹੁਣ ਕੇਹੜੇ ਦੇਸ ਫਿਰਦਾ ਅਤੇ ਮੈਨੂੰ

ਗ਼ਰੀਬਨੂੰ ਕੁੱਠਗਿਆ॥ਕੁੱਠੇ ਆਦਮੀ ਘਰਾਂ ਵਿਚਆਣਵੜਦੇ ਗੱਲ ਸਮਝਖਾਂ ਬੱਧੜੀਮੁੱਠਗਿਆ॥ ਘਰਾਂਵਿੱਚ ਪੈਂਦਾਗੁਣਾਂ ਸੱਜਣਾਂਦਾ ਧਾਰ ਹੋਰ ਨਹੀਂ ਕਿਸੇ ਗੁੱਠਗਿਆ ॥ਘਰ ਆਰ ਤੇਢੂੰਢਦੇਫਿਰਨਬਾਹਰਕਦੇ ਮੋਹਲਤੇਮਾੜੀਆਂ ਚੁੱਠਗਿਆ॥ ਸਾਨੂੰਸਬਰ ਕਰਾਰ ਨਾ ਆਂਵਦਾ ਹੈ ਵਾਰਸਸ਼ਾਹ ਜਦੋਂਕਣਾ ਰੁੱਠ ਗਿਆ ॥

॥ ਕਲਾਮ ਜੋਗੀ ॥

ਏਸਘੁੰਡ ਵਿੱਚ ਬਹੁਤ ਖੁਆਰੀਆਂ ਨੀ ਅੱਗਲਾਇਕੇ ਘੁੰਡਨੂੰ ਸਾੜੀਏਨੀ ॥ ਘੁੰਡ ਹੁਸਨ ਦੀ ਆਬ ਛਪਾਇ ਦੇਂਦਾ ਵਡੇ ਘੁੰਡ ਵਾਲੀ ਲੋਹੜੇ ਮਾਰੀਏਨੀ॥ ਘੁੰਡ ਆਸ਼ਕਾਂਦੇਬੇੜੇਡੋਬ ਦੇਂਦਾ ਨੈਣ ਲਾਇਕੇ ਪਿੰਜਰੇ ਤਾੜੀਏਨੀ॥ਤਦੋਂ ਏਹਜਹਾਨ ਸਬ ਨਜਰ ਆਵੇ ਜਦੋਂਘੁੰਡਨੂੰਚਾਇ ਉਤਾਰੀਏਨੀ ॥ ਘੁੰਡ ਅੰਨ੍ਹਿਆਂਕਰੇਸੁਜਾਖਿਆਂਨੂੰ ਘੁੰਡਲਾਹ ਮੂੰਹਤੋਂ ਜ਼ਰਾ ਲਾੜੀਏ ਨੀ॥ਵਾਰਸਸ਼ਾਹ ਨਾ ਦੱਬੀਏ ਮੋਤੀਆਂਨੂੰ ਫੁੱਲ ਅੱਗਦੇਵਿਚ ਨਾ ਸਾੜੀਏ ਨੀ ॥

॥ ਕਲਾਮ ਹੀਰ ॥

ਮੀਆਂ ਜੋਗੀਆ ਝੂਠੀਆਂ ਕਰੇਂ ਗੱਲਾਂ ਘਰ ਹੋਨ ਤਾਂਕਾਸਨੂੰ ਭਾਲੀਏ ਵੇ॥ਅੱਖੀਂ ਸਾਮਣੇ ਚੋਰ ਜਾਂ ਆਣ ਬੈਠਣ ਕਾਹਨੂੰ ਆਪਨੂੰ ਦੁੱਖੜੇ ਜਾਲੀਏਵੇ ॥ ਘੁੰਡਲਾਹਕੇ ਹੀਰ ਜਾਂ ਨਜ਼ਰ ਕੀਤੀ ਓਹੋ ਧਾੜ ਨਾ ਚੋਰ ਨੂੰ ਭਾਲੀਏ ਵੇ ॥ ਅੱਗਬੁਝੇ ਨਾ

ਫੇਰੀਆਂ ਲਖਦੀਜੇਖਿਨਾਂ ਭੂਕ ਮਾਰੀਨਹੀਂ ਥਾਲੀਏਵੇ॥ਹੀਰ
ਵੇਖਕੇ ਤੁਰਤ ਸੰਭਾਲ ਕੀਤੀ ਹਸਆਖਦੀਆਪ ਸੰਭਾਲੀਏ
ਵੇ॥ਸਹਿਤੀ ਧਾਸਨਾ ਖੇਲ੍ਹਨਾਂਭੇਤ ਮੂਲੋ ਸ਼ੇਰਪਾਸ ਨ ਬੱਕਰੀ
ਪਾਲੀਏਵੇ॥ਵੇਖ ਮਾਲ ਚੁਰਾਇਕੇ ਪਵੇ ਮੁਕਰ ਰਾਹਿਜਾਂਦੜੇ
ਮੂਲ ਨਾ ਭਾਲੀਏ ਵੇ॥ਵਾਰਸਸ਼ਾਹ ਢੂੰਢਾਊਆਂ ਮਾਲ ਲੱਧਾ
ਫਲੋ ਹਾਥੀ ਨੂੰ ਕੁਜੜੇ ਡਾਲੀਏ ਵੇ ॥

॥ ਕਲਾਮ ਜੋਗੀ ॥

ਕੇਹੀ ਵੱਸਣੀ ਮੱਤ ਸਿਆਣਿਆਂ ਨੂੰ ਕਦੀ ਨਜ਼ਰ ਕਦੀਮ
ਸੰਭਾਲੀਏਨੀ॥ ਲਿਖਿਆ ਪ੍ਰੇਮ ਪੋਥੀ ਵਿਚਬਚਨਪੂਰਾ ਨੇਹੁ
ਲਾਇ ਗ਼ਰੀਬ ਨੂੰ ਪਾਲੀਏਨੀ॥ ਜੋਗੀਬਾਲ ਫੈਂਡੇਰਜ਼ਾ ਜੱਗ
ਸ਼ਾਏਸਮਝਲੈਖਾਂਖੜ੍ਹਿਆਂਵਾਲੀਏਨੀ॥ਵਾਰਸਸ਼ਾਹਨਾ ਇਸ਼ਕ
ਦਾ ਗਾਉਤਕੀਆ ਅਨੀਹੁਸਨਦੀਏਗਰਮ ਨਿਹਾਲੀਏਨੀ॥

॥ ਕਲਾਮ ਸਹਿਤੀ ॥

ਸਹਿਤੀ ਆਖਿਆ ਏਹਮਿਲਗਏ ਦੋਵੇਂ ਲਈਆਂਘੱਤਫ਼ਕੀਰ
ਬਲਾਈਆਂ ਨੇ ॥ਹੀਰ ਵੇਖ ਫ਼ਕੀਰ ਨਿਹਾਲ ਹੋਈਜੜ੍ਹੀਆਂ
ਜੋਗੀ ਨੇ ਘੋਲ ਪਿਲਾਈਆਂ ਨੇ॥ਸਹਿਤੀ ਆਖਿਆ ਮਗ਼ਜ਼
ਖਪਾਉ ਨਾਹੀਂ ਅਨੀਂ ਭਾਬੀਏ ਘੋਲ ਘੁਮਾਈਆਂਨੇ ॥ ਏਸ
ਜੋਗੀਦੇ ਨਾਲਤੂੰ ਖੇਡਨਹੀਂ ਨੀਮੈਂ ਤੇਰੀਆਂ ਲਵਾਂਬਲਾਈਆਂ
ਨੇ॥ਮਤਾਂ ਘੱਤ ਮਸਾਨ ਚਾ ਕਰੇ ਕਮਲੀ ਗੱਲਾਂ ਏਸਦੇਨਾਲ
ਕਿਉਂਲਾਈਆਂ ਨੇ ॥ ਡਰਨਆਂਵਦਾ ਭੂਤਨੇ ਵਾਂਗ ਇਸਤੋਂ

ਕਿਸੇ ਮੁਲਕ ਦੀਆਂ ਏਹ ਬਲਾਈਆਂ ਨੇ ॥ ਆਟਾ ਟੁਕੜੇ ਖੈਰਨਾ ਲਏ ਦਾਣੇ ਕਿਵੇਂ ਕੱਢੀਏ ਦੁਧ ਮਲਾਈਆਂ ਨੇ ॥ ਖ਼ੈਰ ਘਿੰਨਕੇ ਜਾਹ ਫ਼ਰਫ਼ੇਜ਼ੀਆਵੇ ਆਇ ਰਾਵਲਾ ਕੇਹੀਆਂ ਲਾਈਆਂ ਨੇ ॥ ਫਿਰੇਂ ਬਹੁਤ ਪਾਖੰਡ ਖਿਲਾਰਦਾ ਤੂੰ ਏਥੇ ਕੇਹੀ ਵਿਲੱਲੀਆਂ ਪਾਈਆਂ ਨੇ ॥ ਵਾਰਸਸ਼ਾਹ ਗਰੀਬ ਤੇ ਅਕਲ ਕਿਥੇ ਏਹੁ ਪੱਟੀਆਂ ਇਸ਼ਕ ਪੜ੍ਹਾਈਆਂ ਨੇ ॥

॥ ਕਲਾਮ ਜੋਗੀ ॥

ਮੈਂ ਇਕੱਲੜਾ ਗੱਲ ਨਾ ਜਾਣਦਾ ਹਾਂ ਤੁਸੀ ਦੋਵੇਂ ਨਿਨਾਣ ਭਰਜਾਈਆਂ ਨੀ॥ ਮਾਲਜ਼ਾਦੀਆਂ ਦੇ ਵਾਂਗ ਡਾਹ ਪੀੜ੍ਹੇ ਪਾਇ ਬੈਠੀਆਂ ਸੁਰਮ ਸਲਾਈਆਂ ਨੀ ॥ ਪੈਰ ਪਕੜਕੇ ਫਕਰ ਨੂੰ ਦੇਹੁ ਭਿਖਿਆ ਅੜੀਆਂ ਕੁਆਰੀਏ ਕਾਸਨੂੰ ਲਾਈਆਂ ਨੀ॥ ਧਿਆਨ ਰੱਬ ਤੇ ਰੱਖ ਨਾ ਹੋ ਇਤੱਤੀ ਗੁੱਸੇ ਹੋਨ ਨਾ ਭਲਿਆਂ ਦੀਆਂ ਜਾਈਆਂ ਨੀ॥ ਤੈਨੂੰ ਸ਼ੌਕ ਹੈ ਤਿਨਾਂ ਦਾ ਭਾਗਭਰੀਏ ਜਿਨ੍ਹਾਂ ਡਾਚੀਆਂ ਜਾਇ ਚਰਾਈਆਂ ਨੀ॥ ਜਿਸ ਰੱਬ ਦੇ ਅਸੀ ਫ਼ਕੀਰ ਆਹੇ ਵੇਖ ਕੁਦਰਤਾਂ ਉਸ ਭੁਲਾਈਆਂ ਨੀ ॥ ਪੀਰ ਸਾਡੇ ਨੂੰ ਸਮਝਦੀ ਮੁਇਆ ਗਿਆ ਤਾਹੀਂ ਗਾਲੀਆਂ ਦੇਣੀਆਂ ਲਾਈਆਂ ਨੀ॥ ਵਾਰਸਸ਼ਾਹ ਓਹ ਸਦਾਈ ਜੀਉਂਦੇ ਨੀ ਜਿਨਾਂ ਕੀਤੀਆਂ ਨੇਕ ਕਮਾਈਆਂ ਨੀ ॥

॥ ਕਲਾਮ ਸਹਿਤੀ ॥

ਘਤੇ ਡਾਚੀਆਂ ਦੇ ਬੂਰੇ ਲਾਵਣਾ ਹੈਂ ਦੇਵੇਂ ਮੇਹਣੇ ਸ਼ਾਮਤਾਂ

ਦੌੜੀਆਂ ਵੇ ॥ ਮੱਥਾ ਡਾਹਿਆਈ ਨਾਲ ਕੁਆਰੀਆਂ ਦੇ ਤੇਰੀਆਂ ਲੈਂਦੀਆਂ ਜੋਗੀਆ ਮੋਰੀਆਂ ਵੇ॥ ਤੇਰੀ ਜੀਭ ਮਰੋ ਸੀਆਂ ਹੱਥ ਆਲਤ ਤੇਰੇ ਰੁੱਤੜੀਂ ਲੜਦੀਆਂ ਛੋਰੀਆਂ ਵੇ ॥ ਖੈਰ ਮਿਲੇ ਤੇ ਲਏਂ ਨਾ ਚਾਹਿ ਕਰਕੇ ਮੰਗੇਂ ਦੁੱਧ ਤੇ ਪਾਨ ਫਲੌਰੀਆਂ ਵੇ॥ ਬੁਕ ਦੇਨ ਆਟਾ ਅਤੇ ਟੁਕ ਦਾਨੇ ਭਰ ਦੇਨ ਨਾ ਜੱਟੀਆਂ ਕੌਰੀਆਂ ਵੇ॥ ਏਸ ਅੰਨ ਨੂੰ ਢੂੰਡਦੇ ਓਹ ਫਿਰਦੇ ਭਰੂਨ ਹਾਥੀਆਂ ਤੇ ਹੋਨ ਚੌਰੀਆਂ ਵੇ॥ ਵੱਡੇ ਕਮਲਿਆਂ ਦੀ ਅਸਾਂ ਭੰਗ ਝਾੜੀ ਏਥੇ ਕਈ ਫ਼ਕੀਰੀਆਂ ਸੋਰੀਆਂ ਵੇ ॥ ਸੋਟਾ ਵਡਾ ਇਲਾਜ ਕੁਪੱਤਿਆਂ ਦਾ ਤੇਰੀਆਂ ਭੈੜੀਆਂ ਵਿਸਦੀਆਂ ਤੌਰੀਆਂ ਵੇ ॥ ਵਾਰਸ ਮਾਰ ਤੋਂ ਡਰਦੇ ਨੀ ਭੂਤ ਰਾਕਸ਼ ਜੇਹੜੀਆਂ ਮੇਹਰੀਆਂ ਜਾਨ ਅਮੋੜੀਆਂ ਵੇ ॥

॥ ਜਵਾਬ ਜੋਗੀ ॥

ਸ਼ੁਹੀ ਨਾਲ ਫਕੀਰ ਦੇ ਅੜੀ ਬੱਧੀ ਅਠਖੇਲਬੁਰਿਆਰ ਕੁਪੱ-ਤੀਏਨੀ॥ ਰਾਤ ਖਾਇਕੇ ਸ਼ੂਕਰੇਂ ਵਿਚ ਵੇਹੜੇ ਮਾਰਾਂ ਲੱਤ ਇਰਾਕੀਏ ਪੱਕੀਏਨੀ॥ ਇਕਡੂੰ ਕਦੀ ਦੂਸਰੀ ਕਰੇ ਟਿਕਰ ਏਹ ਨਿਣਾਨ ਭਰਜਾਈਆਂ ਸੱਕੀਆਂ ਨੀ ॥ ਐਥੇ ਬਹੁਤ ਫ਼ਕੀਰ ਜ਼ਹੀਰ ਕਰਦੇ ਖ਼ੈਰ ਦੇਂਦੀਆਂ ਦੇਂਦੀਆਂ ਅੱਕੀਆਂ ਨੀ ॥ ਜਿਨਾਂ ਤਬੀਆਂ ਪਾਇਕੇ ਸਿਰੀਂ ਚਾਈਆਂ ਰੈਨਾਂ ਤਿਨ੍ਹਾਂ ਦੀਆਂ ਹੋਣ ਨਾ ਸੱਕੀਆਂ ਨੀ॥ ਨਾਲੇ ਵਿੜ ਖੁਰਕਨ ਨਾਲੇ ਦੁੱਧ ਰਿੜਕਨ ਅਤੇ ਚਾਦੀਆਂ ਕੁੱਤੀਆਂ ਲੱਕੀਆਂ ਨੀ ॥ ਝਾਟਾ

ਖੁਰਕਦੀਆਂ ਖੰਘਦੀਆਂ ਨੱਕ ਸੁਨਕਨ ਮਾਰਨ ਵਾਉਕੇ ਚਾੜ੍ਹਕੇ ਨੱਕੀਆਂ ਨੀ ॥ ਲੜੇ ਨਹੀਂ ਜੇ ਚੰਗੀਆਂ ਹੋਵਨਾ ਜੇ ਵਾਰਸਸ਼ਾਹ ਥੋਂ ਲਓ ਦੋ ਫੱਕੀਆਂਨੀ ॥

॥ ਜਵਾਬ ਸਹਿਤੀ ॥

ਅਨੀ ਦਖੇਨੀ ਵਾਸਤਾ ਰੱਬ ਦਾ ਜੇ ਵਾਹ ਪੈ ਗਿਆ ਨਾਲ ਕੁੱਪਤਿਆਂਦੇ ॥ ਮਗਲ ਹਲਾਂਦੇ ਚੋਬਰਾਂ ਲਾਇਦਿਚਨਇਕ ਛੇੜ ਵਿਚਨ ਮਗਰ ਛੇਟਿਆਂਦੇ ॥ ਇਕੇ ਵਾਢੀਆਂਲਾਵੀਆਂ ਕਰਨ ਖਲੇ ਇਕੇ ਡਾਹਿ ਵਿੱਚੇ ਹੇਠ ਛੱਟਿਆਂਦੇ ॥ ਏਹ ਪੁਰਾਣੀਆਂ ਲਾਨਤਾਂ ਹੈਨ ਜੋਗੀ ਗਧੇ ਵਾਂਗ ਲੇਟਨ ਵਿਚ ਘੱਟਿਆਂ ਦੇ॥ ਹੀਰਆਖਿਆਬਹੁਤਹੈ ਸ਼ੌਕ ਤੈਨੂੰ ਭੇੜਪਾਇ ਬਹੇਂ ਨਾਲ ਡੱਟਿਆਂਦੇ ॥ ਵਾਰਸਸ਼ਾਹ ਮੀਆਂ ਖਹਿੜੇ ਨਾ ਪਈਏ ਕੰਨ ਪਾਟਿਆਂ ਰੱਬ ਦਿਆਂ ਪੱਟਿਆਂ ਦੇ ॥

ਭਾਬੀਜੋਗੀਆਂਦੇ ਵਡੇਕਾਰਨੇ ਨੀ ਗਲਾਂਨਹੀਂਸੁਣੀਆਂਕੰਨ ਪਾਟਿਆਂਦੀਆਂ ॥ ਚੋਕਬੰਨ੍ਹਪੱਲੇਦਹੀਂ ਦੁਧਪੀਵਨ ਵਡੀਆਂ ਜੋੜਦੇ ਚਾਟੀਆਂਆਟਿਆਂ ਦੀਆਂ ॥ ਗਿਠਗਿਠ ਵਧਾਇਕੇ ਵਾਲ ਸਿਰਦੇ ਰਿੱਛਪਲਮਦੇ ਲਾਂਗੜਾਂ ਪਾਟਿਆਂ ਦੀਆਂ ॥ ਵਾਰਸਸ਼ਾਹ ਏਹਮਸਤਕੇ ਪਾਟਚਲੇ ਰਗਾਂ ਕਿਰਲਿਆਂਵਾਂਗ ਨੇ ਗਾਟਿਆਂ ਦੀਆਂ ॥

॥ ਕਲਾਮ ਸ਼ਾਇਰ ॥

ਛੇਹਗੱਲਮਸ਼ਹੂਰਹ ਜੱਗਸਾਰੇ ਜੱਟੀਸਾਰੇਹੀਕੰਮ ਸਵਾਰਦੀ

ਹੈ ॥ ਉਂਨਤ੍ਰੈਸੈਤੇਮੁੰਨੇ ਤੇ ਸ਼ਾਲਖੇਡੇ ਖਿਡੀਆਂਹਾਕਰੇਛੇਲੇਲੈ ਚਾਰਦੀਹੈ ॥ ਪੀਹਣ ਛੜੇ ਫਕੀਰਾਂ ਦੇ ਨਾਲ ਘੁਲਦੀ ਘਰ ਸੌਂਕਦੀਲੋਕਾਂਨੂੰਮਾਰਦੀਹੈ ॥ ਵਾਰਸਸ਼ਾਹ ਦੇ ਲਛਨ ਮਾਸ਼ੂਕ ਏਥੇ ਮੇਰੀ ਮਿਗਲੀ ਸਗਨ ਵਿਚਾਰਦੀ ਹੈ ॥

॥ ਕਲਾਮ ਸਹਿਤੀ ॥

ਮੇਰੇ ਹੱਥ ਲੌਂਦੇ ਤੇਰੇਲੋਂਣਛਿੱਤਰ ਕੋਈ ਮਾਰੀਏਂਗਾ ਨਾਲ ਮੂਹਲੀਆਂਦੇ ॥ ਅਸੀ ਘੁੜਾਂਗੇ ਵਾਂਗ ਕਲਬੂਤ ਮੋਚੀ ਕਰੇਂ ਚਾਵੜਾਂ ਵਾਂਗ ਉਲੇਲੀਆਂਦੇ ॥ ਕਰਜ਼ਦਾਰ ਕਸਬਾ ਅਜ਼ਰਾ ਈਲ ਸੂਰਤ ਖਾਂਦੇ ਪਿਛਲੇ ਮੰਗਦੇ ਕੇਲੀਆਂਦੇ ॥ ਦੀਂਦਣੀਨੂੰ ਚੂਰਾਹੇ ਦੇ ਵਾਂਗ ਖਿੰਘਰ ਸਾਨੂੰ ਖ਼ੌਫ ਨਾ ਤੇਰੀਆਂ ਸੇਲੀਆਂ ਦੇ ॥ ਸੱਟਮਾਰ ਚਪੇੜ ਤੇ ਦੰਦਝਾੜੂੰਸੁਆਦਆਵਨੀ ਛੇਲੀ-ਆਂ ਸ਼ੇਲੀਆਂ ਦੇ ॥ ਵਾਰਸਸ਼ਾਹ ਹੱਡ ਤੇਰੇ ਘਾਟ ਵਾਂਗ ਛੜੀਅਨ ਨਾਲ ਕੁੱਤਕੇ ਮੋਹਲੀਆਂ ਥੇਲੀਆਂ ਦੇ ॥

॥ ਕਲਾਮ ਜੋਗੀ ॥

ਤੇਰੇਮੋਰਲੌਂਦੇਫਾਟਖਾਵਣੇਨੂੰ ਮੇਰੀ ਫੁਰਕਦੀ ਅਜ ਮੁਤਹਿਰ ਹੈਨੀ ॥ ਮੇਰਾਕੁੱਤਕਾ ਲਵੇਂ ਤੇਰੇ ਲਵਨ ਚਿਤੜ ਅਜ ਦੂਹਾਂ ਦਾ ਵਡ ਗਡ ਬਹਿਰ ਹੈਨੀ ॥ ਭਿਛੜ ਵਾਂਗਤੇਰੇਬੀਊ ਕਢ ਸੋਂਦਾਂ ਤੈਨੂੰਆਇਆਲੋਹੜਤੇਕਹਿਰਹੈਨੀ ॥ ਏਸਭੇੜਦੇ ਖ਼ੂਨ ਤੋਂ ਕਿਸੇ ਚਿੜਕੇ ਨਹੀਂ ਮਾਰਲੈਣਾ ਕੋਈ ਸ਼ਹਿਰ ਹੈ ਨੀ ॥ ਉਜਾੜੇ ਖੇਰ ਗਧੇ ਵਾਂਗਕੁਟੀਏਂਗੀਕੀਤੀਅਸਾਂ ਤੈਨੂੰ ਵਲੀ

ਮਿਹਰ ਹੈ ਨੀ ॥ ਵਾਰਸਸ਼ਾਹ ਉਧਲ ਗਈ ਹੀਨ ਕੁੱਦਾਂ ਤੇ ਛੁਡਾਵਣੀ ਵੇਹੜੇ ਤੇ ਕਹਿਰ ਹੈਨੀ ॥

॥ ਕਲਾਮ ਜੋਗੀ ॥

ਅਸੀ ਸਬਰਕਰਕੇ ਚੁਪ ਹੋਬੈਠੇਬਹੁਤਔਖੀਆਂਏਹਫ਼ਕੀਰੀਆਂ ਨੀ ॥ ਨਜ਼ਰ ਤਲੇ ਨਾ ਲਿਆਉਂਦੇ ਕੰਨ ਪ੍ਰਾਵੇ ਜਿਸ ਤੇ ਹੁਸਨ ਦੇ ਨਾਲ ਜੰਜੀਰੀਆਂ ਨੀ ॥ ਜੇਹੜੇ ਦਰਸ਼ਨੀ ਹੁਡੜੀ ਵਾਰ ਬੈਠੇ ਸਭ ਹਿੱਠੀਆਂ ਆਸ਼ਕਾਂ ਚੀਰੀਆਂ ਨੀ ॥ ਤੁਸੀ ਕਰੋ ਹਿਯਾ ਕੁਆਰੀਓ ਨੀ ਅਜੇ ਦੁਧ ਦੀਆਂ ਦੰਦੀਆਂ ਖੀਰੀਆਂ ਨੀ ॥ ਵਾਂਗ ਬੁੱਢੀਆਂ ਕਰੋ ਪਸੰਦ ਗੱਲਾਂਮੱਖੇ ਭੂੰਡੀਆਂ ਕੁਆਰ ਦੇ ਚੀਰੀਆਂ ਨੀ ॥ ਕੇਹੀ ਚੰਦਰੀ ਦੇ ਮੱਥੇ ਆਨ ਲਗੇ ਅਖੀਂ ਭੁੱਖਦੀਆਂ ਭੌਣ ਭੰਭੀਰੀਆਂ ਨੀ ॥ ਕਰਾਂ ਦ੍ਰਿਸ਼ਟ ਕੁਆਰੀਏ ਹੋਇ ਬੁਢੀ ਮੇਰੀ ਉਂਗਲੀ ਉਂਗਲੀ ਪੀਰੀਆਂਨੀ ॥ ਵਾਰਸਸ਼ਾਹ ਫ਼ੌਜਦਾਰ ਪਕੜਨੇ ਨੂੰ ਸੀਟੀ ਮਾਰੀਆ ਵੇਖ ਕਸ਼ਮੀਰੀਆਂ ਨੀ ॥

॥ ਕਲਾਮ ਹੀਰ ॥

ਸੈਨਤ ਮਾਰਕੇ ਹੀਰ ਨੇ ਜੋਗੀ ਨੂੰ ਕਹਿਆ ਚੁਪ ਕਰ ਏਸ ਭੁਕਾਉਂਨੀ ਹਾਂ ॥ ਤੇਰੇ ਨਾਲ ਜੋ ਏਸਨੇ ਵੈਰ ਚਾਇਆ ਮੱਥਾ ਏਸਦੇ ਨਾਲ ਮੈਂ ਡਾਹੁਨੀ ਹਾਂ ॥ ਕਰਾਂਗੱਲੋਂ ਗਲੈਣਮੈਂ ਨਾਲ ਇਸਦੇ ਗਲ ਰੱਸੜਾ ਏਸਦੇਪਾਉਂਨੀਹਾਂ॥ਵਾਰਸਸ਼ਾਹਮੀਆਂ ਰਾਂਝੇ ਯਾਰ ਅੱਗੇ ਏਹਨੂੰ ਕੰਜਰੀ ਵਾਂਗ ਨਚਾਉਂਨੀਹਾਂ ॥

॥ ਕਲਾਮ ਹੀਰ ॥

ਹੀਰਆਖਦੀ ਏਸ ਫ਼ਕੀਰ ਨੂੰਨੀ ਕੇਹਾਘੱਤਿਓਈ ਗ਼ੈਬਦਾਵਾਇ ਦਾਈ ॥ ਇਨ੍ਹਾਂ ਆਜਜ਼ਾਂਭੌਰ ਨਿਮਾਣਿਆਂਨੂੰਪਈਮਾਰਨੀਹੈਂ ਬੁਰਾ ਕਾਇਦਾਈ ॥ ਅੱਲਾਵਾਲਿਆਂ ਨਾਲ ਨਾ ਵੈਰ ਪਾਈਏ ਭਲਾ ਦੱਸਕੀ ਲੱਭਣਾ ਫਾਇਦਾਈ ॥ ਪੈਰ ਚੁੰਮ ਫਕੀਰ ਦੀ ਟਹਿਲ ਕਰੀਏ ਏਸ ਕੰਮ ਵਿਚ ਮਾਲਦਾ ਜ਼ਾਇਦਾਈ॥ਪਿਛੋਂ ਫੜੇਂਗੀ ਕੁਤਕਾ ਜੋਗੀੜੇ ਦਾ ਕੌਣ ਜਾਣਦਾ ਕੇਹੜੀ ਥਾਇ ਦਾਈ ॥ ਵਾਰਸਸ਼ਾਹ ਫ਼ਕੀਰ ਜੇ ਹੋਣ ਗੁੱਸੇ ਖੋਲ੍ਹ ਸ਼ਹਿਰ ਨੂੰ ਕਹਿਰ ਫਨਾਂਹਦਾਈ ॥

॥ ਕਲਾਮ ਸਹਿਤੀ ॥

ਭਾਬੀ ਇਕਦਰੋਂ ਲੜੇ ਫਕੀਰ ਸਾਨੂੰ ਤੂੰਬੀ ਜਿੰਦ ਕੱਢੇਂ ਨਾਲ ਘੂਰੀਆਂ ਦੇ ॥ ਜੇਤਾਂ ਹਿੰਗ ਦੇ ਨਿਰਖਦੀਖ਼ਬਰਨਾਹੀਂ ਕਾਹਨੂੰ ਪੁਛੀਏਭਾਉ ਕਸਤੂਰੀਆਂ ਦੇ ॥ ਵਹੁਟੀਸੈਦੇਦੀ ਮੱਲਫਕੀਰ ਬੈਠਾ ਮਿਲੇ ਹੱਕ ਕਮਾਈਆਂ ਪੂਰੀਆਂਦੇ ॥ਫਕਰਨਾਲਲੜਕੇ ਸੈਨੂੰਘਰੋਂ ਕੱਢੇਂ ਕੁਟਦੇਂ ਏਹਨੂੰਛੈਣੇਚੂਰੀਆਂਦੇ॥ਏਨਾਂਜੋਗੀਆਂ ਦੇ ਵੱਸ ਕੁਝ ਨਾਹੀਂ ਕੀਤੇ ਰੱਬਨੇ ਵਾਇਦੇ ਦੂਰੀਆਂਦੇ॥ ਜੇਤਾਂ ਪੱਟ ਪੜਾਉਨਾਂਨਾਹੋਵੇਕਾਹਨੂੰਖੀਝਕਰੀਏਨਾਲਛੂਰੀਆਂਦੇ॥

॥ ਕਲਾਮ ਹੀਰ ॥

ਜਾਨਸਹਿਤੀਏ ਕਰਨੀਨਾਗ ਕਾਲੇ ਅਤੇਰਿਜ਼ਕਦੇ ਵਾਇਦੇ ਦੂਰੀਆਂਦੇ॥ਕੋਈਵੇਖਦਦੂਆਇਜ਼ਾਂਗਾਲਸਟੇਪਿਛੋਂਫਾਇਦੇ

ਕੀ ਏਨ੍ਹਾਂ ਝੂਰੀਆਂਦੇ ॥ ਲੁਛਲੁਛਕਰਦੀਵਿਰਾਂ ਨਾਲਵੱਕਰਾਂ ਲੁੱਠ ਘਾਲੜੇ ਏਨਾਂ ਲੰਗੂਰੀਆਂਦੇ॥ ਵਾਰਸਸ਼ਾਹਫਕੀਰਦੀ ਰੰਨਵੈਰਨ ਜਿਵੇਂ ਮਿਰਗਨੀ ਨਾਲ ਅੰਗੂਰੀਆਂਦੇ ॥

॥ ਕਲਾਮ ਸਹਿਤੀ ॥

ਭਾਬੀਕਰੇਂ ਰਿਆਇਤ ਤੂੰ ਜੋਗੀੜੇਦੀ ਹੱਥੀਂ ਸੁੱਕੀਆਂ ਤੇਰੇ ਹਥੋੜੀਆਂ ਨੀ ॥ ਮੈਂਵੇ ਭੇਤ ਵਿਖਾਇਕੇਕਰੇਂ ਆਕੜ ਮੈਂ ਤਾਂ ਪੱਟ ਸੁੱਟਾਂ ਏਹਦੀਆਂ ਚੋੜੀਆਂਨੀ ॥ ਗੁਰੂਏਸਦੇਦੀ ਨਹੀਂ ਪਹੁੰਚ ਓਥੇ ਜਿਥੇ ਅਕਲਾਂ ਸਾਡੀਆਂ ਦੌੜੀਆਂਨੀ ॥ ਮਾਰ ਮੁਹਲੀਆਂ ਸੁਟਸਾਂ ਭੰਨ ਟੰਗਾਂਫਿਰੇਢੂੰਡਦਾ ਕਾਠਕਠੋਰੀਆਂ ਨੀ ॥ ਜਿੰਨ ਭੂਤ ਦੀ ਅਕਲ ਗਵਾਇਦੇਏਈਏਅਸੀ ਉਨੀਏ ਮਾਰਕੇ ਛੋਰੀਆਂਨੀ ॥ ਵਾਰਸਸ਼ਾਹ ਫ਼ਕੀਰਦੇਨਾਲ ਲੜਨਾਂ ਕੱਪਨ ਜ਼ਹਿਰਦੀਆਂ ਗੰਦਲਾਂ ਕੌੜੀਆਂਨੀ ॥

॥ ਕਲਾਮ ਹੀਰ ॥

ਹਾਇਹਾਇ ਫਕੀਰਾਂ ਨੂੰ ਬੁਰਾਬੋਲੇਂ ਤੇਰੇਸਹਿਤੀਏਬੁਰੇਅਮੋੜ ਹੋਏ ॥ ਜਿਸਨਾਲ ਫਕੀਰਾਂਦੇ ਵੈਰ ਪਾਇਆ ਸਣੇ ਮਾਲ ਤੇ ਜਾਨਦੇ ਚੌੜ ਹੋਏ ॥ ਕੰਨ ਪਾਟਿਆਂ ਨਾਲ ਨਾ ਜ਼ਿਦਕਰੀਏ ਅੱਗੋਂ ਪਿਛਿਓਂ ਅੰਤ ਨੂੰ ਰੋੜ ਹੋਏ ॥ ਰਹੇ ਔਤਰਿਖੱਤ੍ਰੀਰੰਨ ਸੁੰਵੀਜੇਹੜੀਨਾਲਫ਼ਕੀਰਾਂਦੇਕੌੜਹੋਏ॥ ਏਨਾਂਤਿੰਨਾਂਨੂੰਛੇੜੀਏ ਮੂਲਨਹੀਂਜੇਹੜੇ ਆਸ਼ਕ ਫ਼ਕੀਰਤੇ ਭੌਰਹੋਏ ॥ ਵਾਰਸਸ਼ਾਹ ਲੜਾਈ ਦਾ ਮੂਲ ਬੋਲਨ ਦੇਖੋਦੋਹਾਂਦੇ ਲੜਨਤੇਤੌਰ ਹੋਏ ॥

॥ ਕਲਾਮ ਸਹਿਤੀ ॥

ਭਾਬੀ ਏਸ ਤਾਂ ਗਧੇ ਦੀ ਅੜੀ ਬੱਧੀ ਅਸੀ ਰੰਨਾਂ ਤੋਂ ਖਿਹਚੜਹਾਰੀਆਂਹਾਂ॥ਏਹੁਮਾਰਿਆਰੋਜ਼ਜਹਾਨਦਾਈ ਅਸੀਂ ਰੋਜ ਮਸ਼ਾਕ ਦੀਆਂ ਮਾਰੀਆਂ ਹਾਂ ॥ ਏਹਜਿੱਦਦੀ ਛੁਰੀਤਾਂ ਹੋਇ ਬੈਠਾ ਅਸੀ ਸਾਰਦੀਆਂ ਤੇਜ਼ ਕਟਾਰੀਆਂ ਹਾਂ ॥ ਏਹੁ ਗੁੜਿਆਂ ਵਿਚ ਜੇ ਪੈਰ ਧਰਦਾ ਅਸੀ ਖਚਰੀਆਂ ਬਾਂਕੀਆਂ ਡਾਰੀਆਂਹਾਂ ॥ ਮਰਦ ਰੰਗ ਮਹਲ ਸਵਾਰਦੇਨੀ ਅਸੀ ਸ਼ੌਕ ਦੇ ਮਜੇ ਦੀਆਂ ਬਾਰੀਆਂਹਾਂ ॥ ਏਸਚਾਕਦੀਕੌਣਮਿਜ਼ਾਜ ਹੈ ਨੀ ਰਾਜੇ ਭੋਜਤੋਂ ਅਸੀ ਨਾ ਹਾਰੀਆਂ ਹਾਂ ॥ ਏਹੁ ਆਪ ਨੂੰ ਮਰਦਸਦਾਂਵਦਾਹੈ ਅਸੀਨਰਾਂਦੇਨਾਲਦੀਆਂ ਨਾਰੀਆਂਹਾਂ ॥ ਵਾਰਸਸ਼ਾਹਏਹਮਰਦਸੁਫ਼ੈਦ ਚਾਦਰ ਅਸੀਹੋਲੀਆਂ ਦੀਆਂ ਪਿਚਕਾਰੀਆਂ ਹਾਂ ॥

॥ ਕਲਾਮ ਹੀਰ ॥

ਜਿਨਾਂਨਾਲ ਫਕੀਰ ਦੇ ਅੜੀ ਬੱਧੀ ਹੱਥ ਧੋਇ ਜਹਾਨ ਤੋਂ ਚੱਲੀਆਂਨੀ ॥ ਆਉ ਟਲੀਂ ਕੁਆਰੀਏਡਾਰੀਏਨੀ ਕੇਹੀਆਂ ਗੱਲਾਂ ਅਵੱਲੀਆਂ ਮੱਲੀਆਂ ਨੀ ॥ ਹੈਨ ਵਰਸਦੇ ਮੀਂਹ ਭੀ ਹੋਇ ਨੀਵੇਂ ਧੂੰਆਂ ਕਹਿਰ ਦੀਆਂ ਜਗ ਤੇ ਘੱਲੀਆਂ ਨੀ॥ ਕਾਰੇਹੱਥੀਆਂ ਕੁਆਰੀਆਂ ਰੰਗ ਭਰੀਆਂ ਛਲਾਕੀਆਂ ਹੂਰ ਹਿਨ ਨਚੱਲੀਆਂਨੀ ॥ ਮੁਣਸ ਮੰਗਦੀਆਂ ਜੋਗੀਆਂਨਾਲ ਲੜਕੇ ਰਾਤ ਐਖੀਆਂ ਹੋਣ ਇਕੱਲੀਆਂ ਨੀ ॥ ਪੱਛੀ ਚਰਖੜਾ

ਰੁਲੇਗਾ ਸਫ਼ਨ ਜੋਗਾ ਕਦੀਕਾਰ ਨਾ ਲਾਹੀਆਂ ਛੱਲੀਆਂ ਨੀ ॥ ਜਿੱਥੇ ਗੱਭਰੂ ਹੈਨ ਜਾ ਖਹੇਂ ਆਪੇ ਪਹਿਰੇ ਮਾਰਕੇ ਬਹੇਂ ਪਥੱਲੀਆਂ ਨੀ ॥ ਟਲ ਜਾਹ ਫ਼ਕੀਰਾਂਥੋਂ ਵਾਸਤਾਈ ਆਓ ਕੁਆਰੀਏ ਰੋਹੀਆਂ ਕਿਉਂ ਮੱਲੀਆਂ ਨੀ॥ਲੱਖਬਦੀਆਂਨਾਲ ਨਾ ਜੋਗ ਜਾਂਦਾ ਵਾਰਸਸ਼ਾਹ ਜੋ ਅੰਦਰੋਂ ਹੱਲੀਆਂ ਨੀ॥

॥ ਕਲਾਮ ਸਹਿਤੀ ॥

ਭਾਬੀ ਨਾਲ ਫ਼ਕੀਰ ਦੇ ਧੜਾ ਬੱਧਾ ਹਾਲ ਹਾਲ ਲੋਕੋ ਸਾਨੂੰ ਮਾਰਦੀਹੈ ॥ ਜੋਗੀਵੇਖਕੇ ਪਾਣ ਸੁ ਚੜੀ ਕਾਈਮਾਣਮੱਤੜੀ ਖੂਨ ਗੁਜ਼ਾਰਦੀ ਹੈ ॥ ਨਹੀਂ ਜਾਣਦੀ ਚਾਕ ਸੂ ਏਹ ਜੋਗੀ ਹਿਕੇ ਲਿਆਇਆ ਨਿਸ਼ਾਨੜੀ ਧਾਰਦੀ ਹੈ ॥ ਲੜੇਨਾਲਮੇਰੇ ਨੱਚੇ ਤਾਲ ਉੱਤੇ ਵਾਰਸਸ਼ਾਹ ਨੂੰ ਸੈਨੀਆਂ ਮਾਰਦੀ ਹੈ॥

॥ ਕਲਾਮ ਹੀਰ ॥

ਘੋਲ ਘੱਤੀਏ ਕੁਆਰੀਏ ਡਾਰੀਏ ਨੀ ਮੱਥਾ ਮੁੰਨੀਏ ਗੀਡ ਘਰੋਲੀਏਨੀ ॥ ਕਿਤੇ ਦੱਸ ਸੁਨੇਹਾ ਨਿਸ਼ਾਨੀਆਂ ਨੀ ਅਗੇ ਜਿਉਂਦੇ ਝੂਠ ਨਾ ਬੋਲੀਏ ਨੀ ॥ ਸਿਰ ਵੱਖ ਕਰ ਚਾੜ੍ਹੀਏ ਚਾਸੂਲੀ ਤਾਂਭੀ ਐਡ ਅਪਰਾਧ ਨਾ ਤੋਲੀਏ ਨੀ॥ ਰੂਨੀਪਾਫ਼ ਦੇ ਕੀਤੀਆਂ ਮੋਰੀਆਂ ਨੀ ਕੰਜ ਕੁਆਰੀਏ ਆਲੀਏਭੋਲੀਏ ਨੀ ॥ ਵਾਰਸਸ਼ਾਹ ਝੂਠੇ ਪੈਣ ਵਿਚ ਦੋਜ਼ਖ ਕੀੜੇ ਪਾਇ ਇਨਸਾਫ਼ ਦੇ ਤੋਲੀਏ ਨੀ ॥

॥ ਕਲਾਮ ਸਹਿਤੀ ॥

ਭਲਾ ਦੱਸ ਭਾਬੀ ਕਿਆ ਵੈਰ ਚਾਇਓ ਭਈਆ ਪਿਟੜੀ ਨੂੰ ਪਈ ਲੂਹਨੀ ਹੈਂ ॥ ਆਪ ਛਾਨਨੀ ਛਿਣਨੀ ਸੋਹਣੀ ਨੂੰ ਐਂ ਕੈੜਿਆਂ ਤੋਂ ਪਈ ਧੂਹਨੀ ਹੈਂ ॥ ਅਨਹੁੰਦੀਆਂ ਗੱਲਾਂ ਦੇ ਨਾਉਂ ਲੈ ਲੈ ਘਾਉ ਅਲੜੇ ਪਈ ਵਡੂਹਨੀ ਹੈਂ ॥ ਸੋਹਣੀ ਹੋਈ ਨਾਹੀਂ ਤੂੰ ਤਾਂ ਗੈਬ ਚਾਇਆ ਰੱਤ ਖਲਕਦੀ ਪਈ ਨਚੂਹਨੀ ਹੈਂ ॥ ਆਪੇ ਚਾਕ ਹੰਡਾਇਕੇ ਛੱਡਿਆਈ ਏਹੋ ਕਾਸਨੂੰ ਪਈ ਮਰੂਹਨੀ ਹੈਂ ॥ ਆਖ ਭਾਈ ਨੂੰ ਘਰੋਂ ਕਢਾਇ ਛੱਡਾਂ ਜੇਹੜੇ ਅਸਾਂ ਨੂੰ ਮੇਹਨੇ ਲੂਹਨੀ ਹੈਂ ॥ ਆਪ ਕਮਲੀ ਲੋਕਾਂ ਦੇ ਸਾਂਗ ਲਾਵੇਂ ਖਚਰ ਵਾਦੀਆਂ ਦੀ ਵਡੀ ਖੂਹਨੀ ਹੈਂ ॥ ਵਾਰਸਸ਼ਾਹ ਤੂੰ ਵਡੀ ਮੱਕਾਰਨੀ ਏਂ ਮੁੰਡੇ ਮੋਹਨੀ ਤੇ ਝੋਟੇ ਦੋਹਨੀ ਹੈਂ ॥

॥ ਕਲਾਮ ਹੀਰ ॥

ਖੁਆਰ ਖੱਜਲਾਂ ਹੋਂਦੀਆਂ ਫਿਰਦੀਆਂ ਨੀ ਅੱਖੀਂ ਵੇਖਕੇ ਹੋਰ ਦੀਆਂ ਹੋਰ ਹੋਇਆਂ ॥ ਅਸੀ ਦੁਧ ਦੀਆਂ ਧੋਤੀਆਂ ਨੇਕ ਪਾਕਾਂ ਆਖੇ ਚੋਰਾਂ ਦੇ ਤੇ ਅਸੀ ਚੋਰ ਹੋਈਆਂ ॥ ਚੋਰ ਚੌਧਰੀ ਗੁੰਡੀ ਪ੍ਰਧਾਨ ਹੋਈ ਏਹ ਉਲਟ ਦਾ ਅਵੱਲੀਆਂ ਹੋਰ ਹੋਈਆਂ ॥ ਬਦਜ਼ੇਬ ਤੇ ਕੋਝੀ ਅਧੋੜ ਮੂੰਹੀਆਂ ਏਹ ਹੁਸਨ ਦੇ ਬਾਗ਼ ਦੀਆਂ ਮੋਰ ਹੋਈਆਂ ॥ ਏਹ ਚੁਗਲ ਬਲੋਚ ਦੀ ਕਰੇ ਮਸਲਤ ਜ਼ਿਮੀ ਦੋਜ਼ਕ ਦੀ ਮਨੋ ਚੋਰ ਹੋਈਆਂ ॥ ਇਸਦੀ ਬਣਤ ਦੇਖੋ ਨਾਲ ਨਖਰਿਆਂ ਦੇ ਮਾਲਜ਼ਾਦੀਆਂ ਵਿਚ ਲਾਹੌਰ ਹੋਈਆਂ ॥ ਬੋਲੀਆਂ ਮਾਰਨ ਭਾਬੀਆਂ

ਨੂੰ ਫਿਰਨ ਮੁੰਡਿਆਂ ਵਿਚ ਲਟੋਰ ਹੋਈਆਂ॥ ਵਾਰੇ ਸ਼ਾਹ ਧੂੰਮਾਂ ਏਹ
ਦੀਆਂ ਜਗ ਸਾਰੇ ਜਿਵੇਂ ਮਸੀਦੀਆਂ ਸ਼ਹਿਰ ਭੰਬੋਰ ਹੋਈਆਂ ॥

॥ ਕਲਾਮ ਸ਼ਾਇਰ ॥

ਲਗਨ ਜੱਟ ਤੇ ਕੁਟੀਅਨ ਹੂਮ ਨਾਈ ਸਿਰ ਜੋਗੀੜੇ ਦੇ ਗੱਲ
ਆਈਆਈ॥ ਆਉ ਨੱਢੀਏ ਵੱਢੀਏ ਏਹ ਵਸਤਾਂ ਜੋਗੀ ਧੂੜ
ਕਾਈ ਸਿਰ ਪਾਈਆਈ॥ ਏਸ ਮਾਰ ਮੰਤਰ ਵੈਰ ਛੇੜ ਦਿੱਤਾ
ਚਾਨਚੱਕ ਦੀ ਪਈ ਲੜਾਈਆਈ॥ ਹੀਰ ਨਹੀਂ ਖਾਂਦੀ ਮਾਰ
ਅਸਾਂ ਕੋਲੋਂ ਵਾਰਸ ਗੱਲ ਫ਼ਕੀਰ ਤੇ ਆਈਆਈ ॥

॥ ਕਲਾਮ ਸਹਿਤੀ ॥

ਸਹਿਤੀ ਆਖਿਆ ਉਠ ਰਵੇਲ ਬਾਂਦੀ ਖ਼ੈਰ ਪਾਇ ਫ਼ਕੀਰ ਨੂੰ
ਕੱਢੀਏ ਨੀ॥ ਆਟਾ ਘੱਤ ਕੇ ਰੁਗ ਤੇ ਬੁਕ ਚੀਨਾਂ ਵਿਚੋਂ ਅਲਖ
ਫ਼ਸਾਦ ਦੀ ਵੱਢੀਏ ਨੀ ॥ ਦੇਇ ਭਿੱਖਿਆ ਵੇਹੜਿਓਂ ਕੱਢ
ਆਈਏ ਹੋੜਾ ਵਿਚ ਬਰੂਹਾਂ ਦੇ ਗੱਡੀਏ ਨੀ॥ ਅੰਮਾਂ ਆਵੇ ਤਾਂ
ਭਾਬੀ ਤੋਂ ਵੱਖ ਹੋਈਏ ਸਾਥ ਊਠ ਬਲੇਂਦੇ ਦਾ ਛੱਡੀਏ ਨੀ॥
ਵਾਂਗ ਕਿਲੇ ਦਿਪਾਲਪੁਰ ਹੋਇ ਆਕੀ ਝੰਡਾ ਵਿਚ ਮੈਦਾਨ ਦੇ
ਗੱਡੀਏ ਨੀ ॥ ਭਾਵੇਂ ਖੋਹ ਨਿਵਾਲੀਆਂ ਹੀਰ ਸੁੱਟੇ ਉਸ ਦੇ
ਯਾਰ ਨੂੰ ਕੁੱਟ ਕੇ ਛੱਡੀਏ ਨੀ ॥ ਵਾਰਸ ਸ਼ਾਹ ਦੇ ਨਾਲ ਦੁਇ
ਹੱਥ ਕਰੀਏ ਆਉ ਉਠ ਖਾਂ ਸਾਰ ਦੀਏ ਹੱਡੀਏ ਨੀ ॥

॥ ਕਲਾਮ ਰੁ ਲ ਬਾਂਦੀ ॥

ਬਾਂਦੀ ਖਾਇ ਗੁੱਸਾ ਨੱਕ ਚਾੜ੍ਹ ਉਠੀ ਭੁੱਕ ਚੀਣੇ ਦਾ ਚਾ

ਉਲੇਰਿਆ ਸੂ॥ਦ੍ਰੋਹੀ ਰੱਬਦੀਖ਼ੈਰ ਲੈਜਾ ਸਾਥੋਂ ਹਾਲਹਾਲ ਕਰਕੇ ਪੱਲਾ ਫੇਰਿਆ ਸੂ ॥ ਬਾਂਦੀ ਲਾਭ ਦੇ ਨਾਲ ਚਵਾਉ ਕਰਕੇ ਧੱਕਾ ਦੇਇਕੇ ਨਾਥ ਨੂੰ ਰੇੜ੍ਹਿਆ ਸੂ ॥ ਲੈਕੇ ਖੈਰ ਨੂੰ ਚੋਬਰਾ ਜਾਹਿ ਸਾਥੋਂ ਓਹਨੂੰ ਸੜਕੇ ਨਾਗ ਨੂੰ ਛੇੜਿਆ ਸੂ ॥ ਛਿੱਬੀ ਦੇਕੇ ਗੱਲ੍ਹ ਵਿਚ ਪਸ਼ਮ ਪੁੱਟੀ ਹਥ ਜੋਗੀ ਦੇ ਮੂੰਹ ਤੇ ਫੇਰਿਆ ਸੂ ॥ ਅਖੀ ਡਾਇਣਾਂ ਵਾਂਗ ਪਸਾਰੀਆਂ ਨੀ ਗੁੱਝੇ ਆਨਿਆਂ ਦਾ ਉਘੇੜਿਆ ਸੂ ॥ ਜਾਹ ਜਾਹ ਮੁਸ਼ਟੰਡਿਆ ਜੋਗੀਆ ਵੇ ਬੁਰਾ ਬੋਲਕੇ ਬਹੁਤਖਭੇੜਿਆ ਸੂ ॥ ਵਾਰਸਸ਼ਾਹ ਫ਼ਿਰੰਗ ਦੇ ਬਾਗ਼ ਵੜਕੇ ਵੇਖ ਕਲਾਦੇ ਖ਼ੂਹ ਨੂੰ ਗੇੜਿਆ ਸੂ ॥

॥ ਕਲਾਮ ਸ਼ਾਇਰ ॥

ਜੋਗੀ ਵੇਖਕੇ ਭੀਖ ਹੈਰਾਨ ਹੋਇਆ ਪਈਆਂ ਦੁੱਧ ਦੇ ਵਿੱਚ ਅੰਬ ਵਾੜੀਆਂ ਨੀ ॥ ਗੁਸੇ ਨਾਲ ਜ਼ਮੀਨ ਅਸਮਾਨ ਤਪੇ ਜੀਉ ਵਿੱਚ ਕਲੀਲੀਆਂ ਸਾਰੀਆਂ ਨੀ ॥ ਚੀਣਾ ਚੋਗ ਚਮੂਣਿਆਂ ਆਣ ਪਾਇਆ ਮੁੰਨ ਚਲੀਏਂ ਗੋਲੀਏ ਦਾੜ੍ਹੀਆਂ ਨੀ ॥ ਹੁਥ ਮੋਏਨੇ ਕਾਸਬੀ ਵਿਚ ਚੀਣੇ ਅਖੀਂ ਫੇਰਨਾ ਮੂਲ ਉਘਾੜੀਆਂ ਨੀ ॥ ਜਿਸਤੇ ਰਬ ਦਾ ਰਵਾ ਦਰੂਦ ਨਾਹੀਂ ਵਾਰੇ ਸ਼ਾਹ ਨੇ ਝੋਲੀਆਂ ਮਾਰੀਆਂ ਨੀ ॥

॥ ਜਵਾਬ ਜੋਗੀ ॥

ਜਿਸਦਾ ਪਵੇ ਪਰਾਉਂਠਾ ਨਾਹਿ ਮੰਡਾ ਪੰਡ ਨਾਹ ਬਣੇ ਵਿਚ ਸਾਰੀਏ ਨੀ॥ਓਹ ਵੇਖ ਲੋੜ੍ਹਾ ਵਡਾ ਕਹਿਰ ਕੀਤੇ ਕੰਮ ਭੇਡ

ਸੱਚਿਆ ਰੈਨੇ ਡਾਰੀਏ ਨੀ॥ਨਥੂ ਕਸਬਾ ਔਰ ਬਲੋਕ ਖੋਖੂ ਭੂਤੇ ਆਪਹੀ ਆਪਨੀਵਾਰੀਏਨੀ ॥ ਆਂਨਭਿਛਿਆਪੱਤਿਓ ਬੁਕਚੀਆ ਨਾਲ ਛੁਕਰ ਦੇ ਖੋਲੀਆਂ ਧਾਰੀਆਂਨੀ ॥ ਮੇਰੀ ਖੱਪਰੀ ਚਾਇ ਪਲੀਤ ਕੀਤੀ ਘਈਆਂ ਧੋਣੀਆਂ ਸੇਲ੍ਹੀਆਂ ਸਾਰੀਆਂਨੀ ॥ ਵਾਰਸਸ਼ਾਹ ਬਾਦੂਵਦੀ ਕੋਠੜੀ ਨੂੰ ਰਿਣਗ ੱਤ ਚਲੀ ਐਰਜਾਰੀਆਂ ਨੀ ॥

॥ ਕਲਾਮ ਸਹਿਤੀ ॥

ਚੀਣਾਝਾਲਝੱਲੇਜੱਟਦਾਸਾਰਿਆਂਦੀ ਚੀਣਾ ਮੂਲ ਹੈ ਨੰਗਿਆਂ ਭੁੱਖਿਆਂਦਾ॥ ਐਨਚੀਣੇਦਾਖਾਈਏਨਾਲਖੱਟੇ ਸੁਆਦਆਉਂਦਾ ਟੁਕਰਾਂ ਰੁਖਿਆਂਦਾ ॥ ਬਣਨਪਿੰਨੀਆਂਏਸਦੇਚਾਵਲਾਂਦੀਆਂ ਮਾਈ ਬਾਪਹੈਨੰਗਿਆਂਭੁਖਿਆਂਦਾ॥ ਵਾਰਸਸ਼ਾਹਮੀਆਂਨਵਾਂ ਨਜ਼ਰ ਆਇਆ ਏਹ ਚਾਲੜਾ ਸੁਕੜੇ ਕੁਖਿਆਂ ਦਾ ॥

॥ ਕਲਾਮ ਜੋਗੀ ॥

ਚੀਣਾ ਖੈਰ ਦੇਣਾ ਬੁਰਾ ਜੋਗੀਆਂ ਨੂੰ ਮੱਛੀ ਭਾਬੜੇਨੂੰ ਮਾਸ ਬਾਮਣਾਂਨੂੰ॥ ਕੈਫ ਭਗਤਕਾਜ਼ੀ ਤੇਲ ਖੰਘ ਵਾਲੇਵੱਢ ਸੂਟਨਾ ਲਿੰਗਪਲਾਮਣਾਂਨੂੰ ॥ ਜ਼ਹਿਰ ਜੀਉਂਦਿਆਂਨੂੰਐਨਸੰਨ ਵਾਲੇ ਪਾਣੀਝਲਕਿਆਂਨੂੰਬਰਨਸਾਮੁਣਾਂਨੂੰ ॥ ਸਾਹਿਆ ਚੂਹੜਿਆਂ ਨੂੰ ਵਿਆਜ ਮੁਸਲਮਾਨਾਂ ਮੌਤ ਅਫੜਾਂ ਨੂੰ ਅੱਗਧਾਮਣਾਂਨੂੰ॥ ਵਾਰਸਸ਼ਾਹ ਜਿਉਂਸੰਘੀਆ ਚੂਹਿਆਂ ਨੂੰ ਸੇਖ ਮੁਸਲਮਾਨਾ ਬਾਂਗ ਬਾਹਮਣਾਂ ਨੂੰ ॥

॥ ਜਵਾਬ ਸਹਿਤੀ ॥

ਬੁੱਢਾ ਹੋਵਸੈਂ ਲਿੰਗ ਜਾਂ ਰਹਿਨ ਤੁਰਨੋਂ ਫਿਰੇਂ ਭਾਲਦਾ ਫਕੜਿਆਂ ਰੁਖਿਆਂ ਨੂੰ ॥ ਕਿਤੇ ਰੰਨ ਘਰ ਬਾਰ ਨਾ ਅੱੜਿਆਈ ਅਜੇ ਫਿਰੇਂ ਚਲਾਉਂ ਦਾਤੁਕਿਆਂ ਨੂੰ ॥ ਗਿਉਂ ਵਿਗੜਕੇ ਤਿਗੜ ਤੂੰ ਪਾਟਲੱਥੋਂ ਅੰਨ ਆਬਹਯਾਤ ਹੈ ਭੁਖਿਆਂ ਨੂੰ ॥ ਵਾਰਸਸ਼ਾਹ ਮੀਆਂ ਵੇਖੇ ਚੜ੍ਹੀ ਮਸਤੀ ਏਹਨਾਂ ਗੁੜਿਆਂ ਭੁਖਿਆਂ ਸੁਖਿਆਂ ਨੂੰ ॥

॥ ਕਲਾਮ ਸ਼ਾਇਰ ॥

ਜੋਗੀ ਜੀਗਦੇ ਸਿਰੇ ਚੜ੍ਹ ਪਕੜ ਖੱਪਰ ਤੁਰਤ ਉਠਕੇ ਮਾਰਕੇ ਭੂਰਿਆਈ ॥ ਸਾੜ ਬਾਲ ਕੇ ਤੇ ਜੀਉ ਖਾਕ ਕੀਤਾ ਨਾਲ ਹਾਵੜਾਂ ਦੇ ਜੱਟ ਘੂਰਿਆਈ ॥ ਲੈਕੇ ਫਾਹੁੜੀ ਘੁਲਨ ਨੂੰ ਤਯਾਰ ਹੋਇਆ ਮਾਰੂ ਵੇਹੜੇ ਦੇ ਵਿੱਚ ਪੂਰਿਆਈ॥ ਜੇਹਾ ਮਹਿਰਦੀ ਸੱਥ ਦਾ ਬਾਨ ਭੁੱਖਰ ਵਾਰੇਸ਼ਾਹ ਫ਼ਕੀਰ ਨੇ ਹੂਰਿਆਈ ॥

॥ ਕਲਾਮ ਜੋਗੀ ॥

ਹੱਥ ਚਾਇ ਮੁਤਹਿਰਤੇ ਕਹਿਆ ਜੋਗੀ ਤੈਨੂੰ ਦਿਸਦਾ ਜੱਗ ਸਬ ਸੈਂਵਰੰਨੇ ॥ ਚਾਵਲ ਨਯਾਮਤਾਂ ਕਣਕ ਤੂੰ ਆਪ ਖਾਵੇਂ ਖੈਰ ਦੇਨਤੋਂ ਕੀਤਾ ਈ ਕੰਜ ਰੰਨੇ ॥ ਮੇਂਡ ਦੇਹ ਚੀਨਾ ਘਰ ਖਾਵੰਦਾਂ ਦੇ ਨਹੀਂ ਮਾਰਕੇ ਕਰੂੰਗਾ ਲੂੰਜ ਰੰਨੇ ॥ ਪੱਟ ਚੜ੍ਹ ਵੀਆਂ ਚੋੜੀਆਂ ਚੀਰ ਸੂਟਾਂ ਲਾਇ ਬੈਠੀ ਹੈਂ ਬੈਰ ਦੀ ਫਿਜਰ ਰੰਨੇ ॥ ਸਿਰ ਫਾਹੁੜੀ ਮਾਰਕੇ ਦੰਦ ਝਾੜੂੰ ਟੰਗਾਂ ਭੰਨਕੇ ਕਰਾਂਗਾ ਲੂੰਜ ਰੰਨੇ ॥ ਤੇਰੀ ਫਰਾਸੂਹੀ ਹੁਣੇ ਫੋਲ ਘੱਤਾਂ ਬੈਠੀ ਰਹੇਂਗੀ ਇੰਜਦੀ ਇੰਜ ਰੰਨੇ

॥ ਵਾਰਸਸ਼ਾਹ ਸਿਰ ਝਾੜੂ ਵਿਗਾੜੀਏਂ ਨੀ ਹਾਥੀ ਵਾਂਗ ਮੈਦਾਨ ਵਿਚ ਗੂੰਜ ਰੰਨੇ ॥

॥ ਕਲਾਮ ਬਾਂਦੀ ॥

ਬਾਂਦੀ ਹੋਇਕੇ ਚੁਪ ਖਲੋਇ ਰਹੀ ਸਹਿਤੀ ਆਖਦੀ ਖੇਰਨਾ ਪਾਇਓ ਕਿਉਂ ॥ ਮੇਰੀ ਪਾਣਪਤਿ ਏਸਨੇ ਲਾਹਿ ਸੁਟੀ ਜਾਣ ਬੁਝ ਬੇਸ਼ਰਮ ਕਰਾਇਓ ਕਿਉਂ॥ ਏਹ ਜੋਗੀੜਾ ਜਾਣ ਕਮ ਜ਼ਾਤ ਕੰਜਰ ਏਸ ਨਾਲ ਤੈਂ ਭੇੜ ਮਚਾਓ ਕਿਉਂ ॥ ਮੈਂ ਤਾਂ ਏਸਦੇਹੱਥਵਿਚਆਨਫਾਥੀ ਮੂੰਹਸ਼ੇਰਦੇਮਾਸ ਫਹਾਇਓਕਿਉਂ ॥ਆਪਜਾਇਕੇਦੇਹਜੇਹਈਲੈਂ ਦਾ ਘਰਮੌਤਦੇਘੱਤਵਹਾਇਓ ਕਿਉਂ ॥ ਏਹਤਾਂ ਕਨਕ ਚਾਵਲ ਦੁਧ ਖੰਡਮੰਗੇ ਚੀਣਾ ਮੋੜਕੇ ਘਰੋਂ ਭਜਾਇਓ ਕਿਉਂ ॥ ਏਹਤਾਂ ਹੁਕਮ ਕਰਦਾ ਪਾਤਸ਼ਾਹ ਵਾਗੂੰ ਨਹੀਂ ਮੰਨਦਾ ਕਿਸੇ ਕਹਾਇਓ ਕਿਉਂ ॥ਵਾਰੇਸ਼ਾਹਮੀਆਂ ਏਸ ਮਰਨੀ ਦੇ ਦੁਆਲੇ ਲਾਇਕੇ ਬਾਜ਼ ਛੁਡਾਇਓ ਕਿਉਂ ॥

॥ ਕਲਾਮ ਜੋਗੀ ॥

ਝਾਟਾ ਖੋਹਕੇ ਮੇਢੀਆਂ ਪੱਟ ਸੁਟਾਂ ਗੁੱਤੋਂ ਪਕੜ ਕੇ ਦਿਆਂ ਵਲਾਵੜਾ ਨੀ॥ਮੈਨੂੰਪਿੰਡਦੀਸੂਕਦਿਖਾਵਦੀਹੈਂਲਿਖਾਂਪਸ਼ਮ ਤੇ ਏਹ ਗਿਰਾਂਵੜਾ ਨੀ॥ ਤੇਰਾ ਅਸਾਂ ਦੇ ਨਾਲ ਮੁਦੱਪੜਾ ਹੈ ਨਹੀਂ ਹੋਵਨਾ ਕਦੇ ਮਲਾਵੜਾ ਨੀ ॥ਲੱਤਾਂ ਮਾਰਕੇ ਛਡੂੰਗਾ ਚਾ ਗੋਗੜ ਕੱਢ ਆਈ ਹੈਂ ਫਿਲ ਜਿਉਂ ਤਾਵੜਾ ਨੀ॥ ਸਣੇ ਸਹਿਤੀਦੇ ਮਾਰਕੇ ਪਿੰਜਕੱਢੂੰ ਨਿਕਲਜਾਣਗੀਆਂਸੱਭੇਚਾਵੜ

ਨੀ॥ਹੱਥ ਲਗੇ ਤਾਂ ਸੁੱਟੂਗਾ ਚੀਰ ਰੰਨੇ ਕੱਢ ਲਊਂਗਾ ਸਾਰੀਆਂ ਚਾਵੜਾਂ ਨੀ ॥ ਤੁਸੀ ਤ੍ਰਿੰਨੇ ਘੁਲਾਟੜਾਂ ਜਾਣਦਾ ਹਾਂ ਕੱਢਾਂ ਹੋਹਾਂ ਦੀਆਂ ਪੋਸਤ ਚਾਵੜਾਂ ਨੀ॥ਵਾਰਸਸ਼ਾਹ ਦੇ ਮੋਢਿਆਂ ਚੜ੍ਹੀ ਹੈਂ ਨੀ ਨਿਕਲ ਜਾਂਨ ਜਵਾਨੀਆਂ ਚਾਵੜਾਂ ਨੀ ॥ ਚੀਰੇ ਕਰਾਂ ਮੈਂ ਬਹੁਤ ਹਯਾਉ ਤੇਰਾ ਨਹੀਂ ਮਾਰਾਂਗਾ ਪਕੜ ਪਥੱਲ ਕੇ ਨੀ ॥ ਸਭਾ ਪਾਣਪਤ ਏਸਦੀ ਲਾਹ ਸੁੱਟਾਂ ਖੇੜੇ ਦੇਣਗੇ ਵਾਹਰਾਂ ਘਲਕੇ ਨੀ॥ਜੇਹਾ ਮਾਰ ਚਤੌੜਗੜ੍ਹ ਸ਼ਾਹ ਅਕਬਰ ਡਾਹ ਮੋਰਚੇ ਲਏ ਮੁਦੱਲਕੇ ਨੀ॥ਜੇ ਮੈਂ ਸ਼ਰਮਦਾ ਮਾਰਿਆ ਚੁਪ ਕਰਦਾ ਨਾਲ ਮਸਤੀ ਦੇ ਆਂਵਦੀ ਚੱਲਕੇ ਨੀ॥ ਤੇਰੀ ਪਕੜ ਸੰਘੋਂ ਜਿੰਦ ਕੱਢ ਸੁਟਾਂ ਮੇਰੇ ਖੁਸ ਨਾ ਜਾਣਗੇ ਤਲਕੇ ਨੀ ॥ ਭਲਾ ਆਖਣੀ ਖਟਿਆ ਵੱਡਿਆਈ ਵਾਰਸਸ਼ਾਹ ਦੇ ਨਾਲ ਪਿੜ ਮੱਲਕੇ ਨੀ ॥

॥ ਕਲਾਮ ਹੀਰ ॥

ਹੀਰ ਬੋਲੀ ਮੀਆਂ ਅਸੀ ਖਾਕ ਤੇਰੀ ਪਿਛਾ ਟੁਟੀਆਂ ਅਸੀ ਪਰਦੇਸਣਾਂ ਹਾਂ॥ਪਿਆਰੇ ਵਿਛੜੇ ਰੋਂਪਨਾ ਰਹੀਕਾਈ ਲੋਕਾਂ ਵਾਂਗ ਨ ਮਿੱਠੀਆਂ ਮੇਸਣਾਂਹਾਂ॥ਅਸੀ ਜੋਗੀਆ ਪੈਰਾਂ ਦੀ ਖ਼ਾਕ ਤੇਰੀ ਨਹੀਂ ਘੂਠੀਆਂ ਅਤੇ ਮਲਖੇਸਣਾਂ ਹਾਂ ॥ ਨਾਲ ਫ਼ਕਰ ਦੇ ਕਰਾਂ ਬਰਾਬਰੀ ਕਿਉਂ ਅਸੀ ਜਟੀਆਂ ਨਹੀਂ ਖੁਰੇਸਣਾਂ ਹਾਂ॥

॥ ਕਲਾਮ ਸਹਿਤੀ ॥

ਨਵੀਂ ਨੌਚੀਏ ਕੱਚੀਏ ਯਾਰਨੇ ਲੀਕਾਰੇ ਹੱਕੀਏ ਚਾਕਦੀਏ

ਪਸਾਰੀਏਨੀ॥ਪਹਿਲੋਂ ਕੰਮ ਸਵਾਰ ਹੋ ਬਹੇਂ ਨਿਆਰੀ ਬੇਲੀ
ਖੀਰ ਲੈ ਜਾਂਦੀ ਸੈਂ ਡਾਰੀਏਨੀ॥ਆਪ ਭਲੀ ਹੋ ਬਹੇਂ ਤੇ ਅਸੀ
ਬੁਰੀਆਂ ਕਰੇਂ ਖਬਰ ਪੈਂ ਰੂਪ ਸਿੰਗਾਰੀਏਨੀ ॥ ਅੱਖੀ ਮਾਰਕੇ
ਯਾਰਨੂੰ ਛੇੜ ਦਿੱਤੋ ਨੀ ਮਹਾਸਤੀ ਢਿਡਭਰ ਹਾਰੀਏ ਨੀ॥
ਆਉ ਜੋਗੀ ਨੂੰ ਲਈਂ ਛੁਡਾਇ ਸਾਥੋਂ ਨਹੀਂ ਵੇਹਾਂਦੀ ਖੈਜ
ਸਵਾਰੀਏਨੀ ॥ ਵਾਰਸਸ਼ਾਹ ਹੱਥ ਫੜੇਦੀ ਲਾਜ ਹੁੰਦੀ ਸਾਥ
ਕਰੀਏ ਤਾਂ ਪਾਰ ਉਤਾਰੀਏਨੀ॥ਸਹਿਤੀ ਹੋਇਗੁੱਸੇ ਚਾ ਖੈਰ
ਪਾਇਆ ਜੋਗੀ ਵੇਖਦਾ ਤੁਰਤ ਹੀ ਰਜ ਗਿਆ ॥ ਮੂੰਹੋਂ ਆਖਦੀ
ਰੋਹ ਦੇ ਨਾਲ ਜੱਟੀ ਕਟਕ ਖੇੜਿਆਂ ਦੇ ਵੇਹੜੇ ਅਜ ਪਿਆ ॥
ਲੈ ਮਕਰੀਆ ਠਕਰੀਆ ਰਾਵਲਾ ਵੇ ਕੇਹੇ ਵਾਸਨਾ ਏਡ
ਅਪਰਾਧ ਪਿਆ ॥ ਠੂਠੇ ਵਿੱਚ ਚੀਣਾ ਸਹਿਤੀ ਪਾ ਦਿੱਤਾ ਵੱਟ
ਜੋਗੀ ਦੇ ਕਾਲਜੇ ਵੱਜ ਪਿਆ ॥ ਹੱਥੋਂ ਛੱਡ ਜੰਬੀਲ ਚਾ ਧਰਕ
ਮਾਰੀ ਚੀਣਾ ਡੁਲ੍ਹ ਤੇ ਠੂਠੜਾ ਭੱਜ ਪਿਆ॥ਵਾਰਸਸ਼ਾਹ ਸ਼ਰਾਬ
ਖ਼ਰਾਬ ਹੋਈ ਸ਼ੀਸ਼ਾ ਫ਼ਰਸ਼ ਤੇ ਵਜਕੇ ਭੱਜ ਪਿਆ ॥

॥ ਕਲਾਮ ਜੋਗੀ ॥

ਖੈਰ ਫ਼ਕਰ ਨੂੰ ਅਕਲ ਦੇ ਨਾਲ ਪਾਈਏ ਹੱਥ ਸੰਭਲ ਕੇ ਬੁਕ
ਉਲਾਰੀਏਨੀ ॥ ਕੀਜੇ ਐਡ ਹੰਕਾਰ ਨਾ ਜੋਬਨੇ ਦਾ ਮਸਤ
ਖੱਤੀਏ ਰੂਪ ਹੰਕਾਰੀਏਨੀ ॥ ਹੋਇ ਮਸਤ ਗ਼ਰੂਰ ਤਾਂ ਨਾਲ
ਗਈਏਂ ਘੋਲ ਘੱਤੀਏਂਨੀ ਰੰਨੇ ਡਾਰੀਏ ਨੀ॥ ਕੀਜੇ ਹੁਸਨ
ਦਾ ਮਾਨ ਨਾ ਭਾਗ ਭਰੀਏ ਢਲ ਜਾਸੀ ਆ ਰੂਪ ਸ਼ਿੰਗਾਰੀਏਨੀ ॥

ਨੂਠਾਭਿਨਫ਼ਕੀਰਦਾਸੱਵਿਆਈਸ਼ਾਲਾਯਾਰਮਰੀਵੂਟੇਹਾਰੀਏ ਨੀ ॥ ਮਾਪੇ ਮਰਨ ਹੰਕਾਰ ਭਜ ਪਵੇ ਤੇਰਾ ਹੋਵੇਂ ਪਿੱਟਣੇ ਦੀ ਵੈਣਜਾਰੀਏਨੀ ॥

॥ ਕਲਾਮ ਸਹਿਤੀ ॥

ਘੋਲ ਘੱਤਿਓਂ ਯਾਰ ਦੇ ਨਾਮ ਉਤੋਂ ਮੂੰਹੋਂ ਸੰਮੂਲੀ ਜੋਗੀਆ ਰਾਵਲਾਵੇ ॥ ਤੇਰੇ ਨਾਲ ਮੈਂ ਆਖਕੀ ਬੁਰਾਕੀਤਾ ਹੱਥ ਲਾਇ ਤੈਨੂੰ ਨਹੀਂ ਮਾਰਿਆ ਵੇ ॥ ਲੋਕਾਂ ਸੁਣਦਿਆਂ ਪੁਣੇ ਤੂੰ ਯਾਰ ਸਾਡੇ ਵੱਡਾ ਕਹਿਰ ਕੀਤੋ ਲੋੜ੍ਹੇ ਮਾਰਿਆ ਵੇ ॥ ਰੁਗ ਆਟੇ ਦਾ ਹੋਰ ਲੈਜਾਹਸਾਥੋਂ ਕੋਈ ਵਧੇ ਫ਼ਸਾਦ ਬੁਰਿਆਰਿਆਵੇ॥ ਤੈਥੇ ਆਦਮੀ ਦੀ ਕਾਈ ਗੱਲ ਨਾਹੀਂ ਰੱਬ ਚਾਇ ਬਥੂੰਨ ਉਸਾਰਿਆ ਵੇ ॥ ਵਾਰਸ ਕਿਸੇ ਅਸਾਡੇ ਨੂੰ ਖ਼ਬਰ ਹੋਵੇ ਏਵੇਂ ਮੁਫ਼ਤ ਵਿਚ ਜਾਂਹਿਗਾ ਮਾਰਿਆ ਵੇ ॥

॥ ਕਲਾਮ ਜੋਗੀ ॥

ਜੇਤਾਂ ਪੋਲਕਢਾਵਣਾਨਾਹੇਵੇ ਨੂਠਾ ਭਿਨ ਫ਼ਕੀਰ ਨੂੰ ਮਾਰੀਏ ਕਿਉਂ ॥ ਉਮਰ ਸਾਰੀ ਜੋ ਯਾਰ ਹੰਢਾਵਣਾਸੀ ਭੇਦ ਲੋਕਾਂਦੇ ਕੋਲ ਛਪਾਈਏ ਕਿਉਂ ॥ ਖ਼ੈਰ ਮੰਗੀਏ ਤੇ ਭੰਨ ਦੇਣ ਕਾਸਾ ਅਸੀ ਆਖਦੇਗਲਸ਼ਰਮਾਈਏਕਿਉਂ ॥ ਭਰਜਾਈਨੂੰਮੇਹਣਾ ਰਾਖਦਾਣੀ ਯਾਰੀ ਨਾਲ ਬਲੋਚਦੇ ਲਾਈਏ ਕਿਉਂ ॥ ਥੇਤੀ ਹੋ ਬਲੋਚਾਂਦੇਹੱਥਆਈਓਂ ਜਫ਼ੂਕਦਾਰਦੀਚਾਭਣਾਈਏਕਿਉਂ ॥ ਵਾਰਸਸ਼ਾਹ ਅਕਸਰ ਸਭਨਾ ਖ਼ਾਕ ਹੋਣਾ ਏਥੇ ਆਪਣਾ

ਮਾਨ ਵਧਾਈਏ ਕਿਉਂ ॥

॥ ਕਲਾਮ ਸਹਿਤੀ ॥

ਜੋ ਕੋਈ ਜੀਮਿਆਂ ਮਰੇਗਾ ਸਭ ਕੋਈ ਘੜਿਆ ਭੱਜਸੀ ਵਾਹੇ ਸਭ ਵਹਿਨਗੇਵੇ ॥ ਮੀਰ ਪੀਰ ਵਲੀ ਗ਼ੌਸ ਕੁਤਬ ਜ਼ਾਦੇ ਏਹ ਸਭ ਪਸਾਰੜੇ ਢਹਿਨਗੇਵੇ ॥ ਜਦੋਂ ਰੱਬ ਗੁਨਾਹ ਦੀ ਖਬਰ ਪੁੱਛੇ ਹੱਥ ਪੈਰ ਉਗਾਹੀਆਂ ਕਹਿਨਗੇ ਵੇ ॥ ਜੀਭ ਬੁਰਾ ਬੋਲੇਸੀਆ ਰਾਵਲਾਵੇ ਏਹ ਹੱਡ ਸਜ਼ਾਈਆਂ ਸਹਿਨਗੇ ਵੇ ॥ ਜੇਹੜੀਆਂ ਨੇਕੀਆਂ ਬਦੀਆਂ ਕੀਤੀਆਂ ਸਨ ਹੋਨ ਜ਼ਾਹਰਾ ਛਪੇ ਨਾ ਰਹਿਨਗੇਵੇ ॥ ਜਦੋਂ ਉਮਰਦੀ ਹੋਇ ਮਿਆਦ ਮੁੱਕੀ ਅਜ਼ਰਾਈਲ ਹੋਰੀ ਆਨ ਬਹਿਨਗੇਵੇ ॥ ਭੈਨੇ ਠੂਠੇ ਦਾ ਏਡ ਵਧਾਵਨਾ ਕੀ ਬੁਰਾ ਤੁਧ ਨੂੰ ਲੋਕ ਸਭ ਕਹਿਨਗੇ ਵੇ॥ ਕੁਲ ਚੀਜ਼ ਫ਼ਨਾਹ ਸਭ ਖ਼ਾਕ ਰਲਸੀ ਸਾਬਤ ਵਲੀ ਅਲਾਹ ਦੇ ਰਹਿਨਗੇ ਵੇ ॥ ਠੂਠਾ ਨਾਲ ਤਕਦੀਰ ਦੇ ਭੱਜ ਪਿਆ ਵਾਰਸਸ਼ਾਹ ਹੋਰੀਂ ਸਚ ਕਹਿਨਗੇ ਵੇ ॥

॥ ਕਲਾਮ ਜੋਗੀ ॥

ਸ਼ਾਲਾ ਕਹਿਰ ਪਵੀ ਛੁੱਟਾ ਬਾਜ਼ ਪਵੀ ਠਠਾ ਭੈਨਕੇ ਲਾਭ ਪੰਘਾਰਨੀਹੈਂ ॥ ਲੱਕ ਬੰਨ੍ਹਕੇ ਰੰਨ ਕੁਲੱਕੜੇਨੀ ਮਾੜਾ ਵੇਖ ਫ਼ਕੀਰਨੂੰ ਮਾਰਨੀ ਹੈਂ ॥ ਨਾਲੇ ਮਾਰਨੀ ਹੈਂ ਜੀਉ ਸਾੜਨੀ ਹੈਂ ਨਾਲੇ ਹਾਲ ਹੀ ਹਾਲ ਪੁਕਾਰਨੀ ਹੈਂ ॥ ਮਰੇ ਹੁਕਮ ਦੇ ਨਾਲ ਤਾਂ ਸਭ ਕੋਈ ਬਿਨਾਂ ਹੁਕਮ ਤੋਂ ਖ਼ੂਨ ਗੁਜ਼ਾਰਨੀ ਹੈਂ

॥ ਐਡੇ ਵੈਦ ਫਰੇਬ ਹੈਂ ਧਾਵ ਤੈਨੂੰ ਮੁਰਦਾਰਾਂ ਦੇ ਸਿਰ ਮੁਰਦਾ-
ਦਾਰਨੀ ਹੈਂ ॥ ਬੁਰੇ ਨਾਲ ਜੇ ਬੋਲੀਏ ਬੁਰੇ ਹੋਈਏ ਅਸੀਂ
ਬੋਲਦੇ ਨਾ ਤੂੰ ਤਾਂ ਮਾਰਨੀ ਹੈਂ ॥ ਠੂਠਾ ਫੇਰ ਦਰੁਸਤ ਕਰ
ਦੇਹ ਮੇਰਾ ਹੋਰ ਆਖਕੀ ਸੱਗਨਿਤਾਰਨੀ ਹੈਂ ॥ ਲੋਕ ਆਖਦੇ
ਹੈਨ ਏਹ ਕੁੜੀ ਕੁਆਰੀ ਸਾਡੇ ਭਾਹਦੀ ਧਾੜਵੀ ਧਾਰਨੀ ਹੈਂ ॥
ਘਰਾਂ ਵਾਲੀਏ ਵਹੁਟੀਏ ਬੋਲ ਤੂੰਭੀ ਕੇਹਾ ਜੀ ਵਿਚ ਸੋਚ
ਵਿਚਾਰਨੀ ਹੈਂ ॥ ਸਵਾਮਣੀ ਮੁਤਹਿਰ ਵੀ ਫੁਰਕਦੀ ਹੈ
ਕਿਸੇ ਧਾਰਨੀ ਦੇ ਸਿਰ ਝਾਰਨੀ ਹੈਂ ॥ ਇਕ ਹੋਰ ਤੇ ਦੂਸਰੀ
ਛਤਰ ਵਾਰਸ ਮੈਨੂੰ ਗੁਝੜਾ ਫਾਹ ਕੇ ਮਾਰਨੀ ਹੈਂ ॥

॥ ਕਲਾਮ ਹੀਰ ॥

ਹੀਰ ਆਖਿਆ ਏਹ ਰਵਾਉ ਕੇਹਾ ਠੂਠਾ ਭੰਨ ਫ਼ਕੀਰ ਨੂੰ
ਮਾਰਨਾਂ ਕੀ ॥ ਜਿਨ੍ਹਾਂ ਇਕ ਅੱਲਾਹ ਦਾ ਆਸਰਾ ਹੈ ਉਨ੍ਹਾਂ
ਪੰਖੀਆਂ ਨਾਲ ਖਹਾੜਨਾਂ ਕੀ ॥ ਥੋੜੀ ਗੱਲ ਦਾ ਵਡਾ ਵਧਾਉ
ਕਰਕੇ ਸੌਰੇ ਕੰਮ ਨੂੰ ਚਾਇ ਵਿਗਾੜਨਾ ਕੀ ॥ ਜੇੜ੍ਹੇ ਕੰਨ ਪੜਾਇ
ਫ਼ਕੀਰ ਹੋਏ ਭਲਾ ਤਿਨ੍ਹਾਂ ਦਾ ਪੜਤਨਾ ਪਾੜਨਾ ਕੀ ॥ ਘਰ
ਮੇਰਾ ਤੇ ਮੈਂ ਨਾਲ ਰੋਸ ਚਾਇਆ ਏਥੋਂ ਕੁਆਰੀਏ ਲੁਧ ਲੈ
ਜਾਵਨਾ ਕੀ ॥ ਜੇੜ੍ਹੇ ਘਰਾਂ ਦੀਆਂ ਹਾਵੜਾਂ ਨਾਲ ਮੇਰੇ ਘਰ ਢੁਕਕੇ
ਏਸ ਲੈ ਜਾਵਨਾਂ ਕੀ ॥ ਲੜੇਂ ਆਪ ਬਰੋਬਰੀ ਨਾਲ ਕੁੜੀਆਂ
ਸੋਟੇ ਪਕੜ ਯਤੀਮ ਨੂੰ ਮਾਰਨਾ ਕੀ ॥ ਮੇਰੇ ਬੂਹੇ ਤੇ ਫ਼ਕਰ ਨੂੰ
ਮਾਰਿ ਓਹੀ ਦਸਦੇ ਘਰਾਂ ਤੋਂ ਫ਼ਕਰ ਮੁੜ ਜਾਵਨਾ ਕੀ ॥ ਬੋਲਕੇ

ਰਾਹਜਾਂਦਾ ਹੁਸਕੂਹਰਿਆਂ ਨੂੰ ਮੰਗ ਸੂਮਕੋਂ ਸੂਮ ਕਹਾਵਣਾ ਕੀ॥ ਵਾਰਸਸ਼ਾਹ ਇਹ ਹਿਰਸ ਬੇਫ਼ਾਇਦਾਈ ਓੜਕ ਏਸ ਜਹਾਨ ਤੋਂ ਜਾਵਣਾ ਕੀ ॥

॥ ਕਲਾਮ ਸਹਿਤੀ ॥

ਭੁਲਾ ਆਖਕੀ ਆਖਣੀਏਂ ਨੇਕ ਪਾਕੇ ਜਿਸਦੇ ਪੱਲੂ ਤੇ ਪੜ੍ਹਨ ਨਮਾਜ਼ ਆਈ ॥ ਘਰ ਬਾਰ ਤੇਰਾ ਅਸੀਂ ਕੌਣ ਕੋਈ ਜਾਪੇਂ ਲੱਦਕੇ ਨਾਲ ਜਹਾਜ਼ ਲਿਆਈ॥ ਨੱਢੇ ਮੋਹਣੀ ਤੇ ਝੇਟੇ ਦੋਹਣੀ ਹਾਂ ਅਜੇ ਤੀਕ ਨ ਇਸ਼ਕ ਤੋਂ ਬਾਜ਼ ਆਈ॥ ਵਾਰਸਸ਼ਾਹ ਜੁਆਨੀ ਦੀ ਉਮਰ ਸਾਰੀ ਏਸੇ ਵਣਜ ਦੇ ਵਿਚ ਖ਼ਰਾਬ ਆਈ॥

॥ ਕਲਾਮ ਹੀਰ ॥

ਬੇਸ਼ਕਰ ਦੇ ਨਾਲ ਕੀ ਵੈਰ ਚਾਇਓ ਉੱਘਲ ਜਾਵਸੇਂ ਨੀ ਇਵੇਂ ਵੱਸਨਾਈਂ ॥ ਨੂਰਾ ਭੈਨ ਫ਼ਕੀਰ ਨੂੰ ਮਾਰਨੀ ਹੈਂ ਅੱਗੇ ਰਬ ਦੇ ਆਖਕੀ ਦੱਸਣਾਈਂ ॥ ਤੇਰੇ ਕੁਆਰ ਨੂੰ ਖੁਆਰ ਸੰਸਾਰ ਕਰਸੀ ਏਸ ਜੋਗੀ ਦਾ ਕੁਝ ਨਾ ਖੱਸਣਾਈਂ ॥ ਨਾਲ ਭੂਤ੍ਹੇ ਦੇ ਖੰਨਰੀ ਘੁਲਣ ਲੱਗਾ ਵਾਰਸਸ਼ਾਹ ਤਾਂ ਮੂਲ ਖਲੋ ਹੱਸਣਾਈਂ ॥

॥ ਜਵਾਬ ਸਹਿਤੀ ॥

ਤੇਰੇ ਜੇਹੀਆਂ ਲਖ ਪੜ੍ਹਾਈਆਂ ਮੈਂ ਤੇ ਉਡਾਈਆਂ ਨਾਲ ਅੰਗੂਠਿਆਂ ਦੇ॥ ਸਾਡੇ ਖੌਸੜੇ ਦੇ ਯਾਦ ਨਹੀਂ ਜੋਗੀ ਭਾਵੇਂ ਆਨ ਲਾਏ ਢੇਰ ਕੂਠਿਆਂ ਦੇ ॥ ਤੈਨੂੰ ਸਿਧ ਕਾਮਲ ਵਲੀ ਗੌਂਸ ਦਿੱਸੇ ਸਾਨੂੰ ਠੱਗ ਦਿਸੇ ਭੇਖ ਝੂਠਿਆਂ ਦੇ ॥ ਤੇ ਹਮਾਇਤੀ ਖੇਡਸੀ ਲੱਤ

ਮਾਰੇ ਭੌਰ ਤਾਜ਼ੀਆਂ ਨੂੰ ਵਿਚ ਬੂਥਿਆਂ ਦੇ॥ ਏਹ ਮਸਤ ਮਲੰਗ ਮੈਂ ਮਸਤ ਏਵੇਂ ਸਾਥੇ ਮਕਰ ਨੀ ਟੁਕਰਾਂ ਜੂਠਿਆਂ ਦੇ॥ ਵਾਰੇਸ਼ਾਹ ਮੀਆਂ ਨਾਲ ਸੋਟਿਆਂ ਦੇ ਲਿੰਙ ਸਿਕਣੇ ਰੋਬਰਾਂ ਘੂਠਿਆਂ ਦੇ ॥

॥ ਕਲਾਮ ਹੀਰ ॥

ਏਹ ਮਸਤ ਮਲੰਗ ਨਾ ਛੇੜੀਏਨੀ ਕੋਈ ਵਡਾ ਫ਼ਸਾਦ ਗਲ ਪਾਸੀਆਨੀ॥ ਮਰ ਜਾਨ ਖੇੜੇ ਉੱਜੜ ਜਾਨ ਮਾਪੇ ਤੁਧ ਗੋਡੀ ਦਾ ਕੁਝ ਨਾ ਜਾਸੀਆਨੀ॥ ਪੈਰ ਪਕੜ ਫ਼ਕੀਰ ਨੂੰ ਕਰੀਂ ਰਾਜ਼ੀ ਨਹੀਂ ਏਸ ਦੀ ਆਹ ਪੈ ਜਾਸੀਆਨੀ॥ ਵਾਰਸਸ਼ਾਹ ਜਿਸ ਕਿਸੇ ਦਾ ਬੁਰਾ ਕੀਤੇ ਅੰਤ ਗੋਰ ਅੰਦਰ ਪੱਛੋਤਾਸੀਆ ਨੀ॥

॥ ਕਲਾਮ ਸਹਿਤੀ ॥

ਇਕੇ ਮਰਾਂਗੀ ਇਕੇ ਮੈਂ ਏਸ ਮਾਰਾਂ ਇਕੇ ਭਾਬੀਏ ਤੁਧ ਮਰਾਵਸਾਂ ਨੀ॥ ਰੋਵਾਂ ਮਾਰ ਭੁਬਾਂ ਭਾਈ ਆਂਵਦੇ ਤੇ ਤੈਨੂੰ ਖ਼ਾਹ ਮਖ਼ਾਹ ਕੁਟਾਵਸਾਂ ਨੀ॥ ਚਾਕ ਲੀਕ ਲਾਈ ਤੈਨੂੰ ਮਿਲੀ ਭਾਈ ਗੱਲਾਂ ਪਿਛਲੀਆਂ ਸਭ ਸੁਨਾਵਸਾਂ ਨੀ॥ ਇਕੇ ਮਾਰੀਏਂ ਤੂੰ ਇਕੇ ਹਟੇ ਜੋਗੀ ਏਹ ਘੱਗਰੀ ਚਾਇ ਵਿਛਾਵਸਾਂ ਨੀ॥ ਸੀਤਾ ਦਹਿਸਰੇ ਨਾਲ ਜੋ ਰਾਹ ਕੀਤਾ ਕੋਈ ਵਡਾ ਘਮੰਡ ਪਵਾਵਸਾਂ ਨੀ॥ ਰੰਨ ਭਾਹੀਂ ਜਾਂ ਘਰੋਂ ਕਢਾਇ ਤੈਨੂੰ ਤੇ ਮੁਰਾਦ ਬਲੋਚ ਹੀ ਵਾਵਸਾਂ ਨੀ॥ ਸਿਰ ਏਸਦਾ ਵੱਢਕੇ ਅਤੇ ਤੇਰਾ ਏਸ ਨੂੰ ਠੇਢੇ ਨਾਲ ਰੁਲਾਵਸਾਂ ਨੀ॥ ਰਖ ਹੀਰ ਤੂੰ ਏਤਨੀ ਜਮਾਂ ਖ਼ਾਤਰ ਤੇਰੀ ਰਾਤ ਨੂੰ ਛੋਗ ਲਹਾਵਸਾਂ ਨੀ॥ ਕੁਟਵਾਵਸਾਂ ਅਤੇ ਮਰਵਾਵਸਾਂ

ਨੀ ਗੁਤੋਂ ਪਕੜਕੇ ਘਰੋਂ ਕਢਾਵਸਾਂਨੀ॥ਵਾਰਸਸ਼ਾਹ ਮੈਂ ਰੰਨ ਟੰਗਵਾਇ ਦੇਸਾਂ ਤੇਰੇ ਲਿੰਙ ਦੁਇ ਚੂਰ ਕਰਾਵਸਾਂਨੀ ॥

॥ ਕਲਾਮ ਹੀਰ ॥

ਖੂਨਭੇਡਦੇਪਿੰਡਜੇਮਾਰੀਅਨਗੇ ਉਜੜਜਾਏਗਾ ਜੱਗਜਹਾਨ ਸਾਰਾ ॥ ਹੱਥੋਂ ਜੂਆਂਦੇਜੁਲੜੇ ਸੁਟਦਿੱਚਨ ਕੀਕੂੰਕੱਟੀਏ ਪੋਹ ਤੇ ਮਾਘ ਪਾਲਾ ॥ ਤੇਰੇ ਭਾਈਦੀ ਭੈਨਨੂੰ ਖੜਨ ਜੋਗੀ ਮੈਨੂੰ ਹੱਥ ਲਾਵੇ ਹੋਵੇ ਵਡਾਕਾਰਾ ॥ ਮੇਰੀਭੰਗਝਾੜੇ ਓਹਦੀ ਟੰਗ ਭੰਨੇਂ ਸਜਾਲ ਸਾੜ ਸੁੱਟਣ ਏਹ ਦੇਸ ਸਾਰਾ ॥ ਖੋਹ ਲੁੰਡੀਏ ਚੂੰਡੀਆਂ ਤੇਰੀਆਂਨੀ ਕਰਾਂਨਾਲਪੈਜ਼ਾਰਦੇ ਖ਼ੂਬਝਾੜਾ ॥ ਮੈਨੂੰ ਛੱਡਕੇ ਭੁਧਨੂੰ ਕਰੇਸੈਦਾ ਆਖਕੁਆਰੀਏ ਘੱਤਿਓ ਕੇਹਾਕਾਰਾ॥ ਵਾਰੇਸ਼ਾਹਪਨਾਹਮੰਗਰੰਨਕੋਲੋਂ ਵਿੰਗੀਹੋਕੇਘਤਦੀਸ਼ੋਰਭਾਰਾ॥

॥ ਕਲਾਮ ਸਹਿਤੀ ॥

ਕੱਜਲ ਪਾਇਨੈਣੀ ਪੂਛਾਂਵਾਲੜਾਨੀ ਜ਼ੁਲਫਾਂ ਕੁੰਡਲਾਂ ਦਾਰ ਬਨਾਵਨੀਹੈਂ ॥ ਨੀਵੀਂ ਪੱਟੀਆਂਹਿੱਕਪਲਮਾਇ ਜ਼ੁਲਫਾਂ ਛੱਲੇ ਘੱਤਕੇਵਾਲਬਣਾਵਨੀਹੈਂ ॥ ਅਤੇ ਆਸ਼ਕਾਂਨੂੰ ਵਿਖਲਾਵਨੀਹੈਂ ਵਿੱਚ ਵੇਹੜਿਆਂਦੇ ਛਣਕਾਵਨੀ ਹੈਂ ॥ ਹਿਕੇ ਫਬਰਹੀ ਚੋਲੀ ਬਾਫ਼ਤੇਦੀ ਉੱਤੇ ਕਹਿਰਦੀਆਂ ਅਲੀਆਂਲਾਵਨੀਹੈਂ ॥ ਠੋਡੀ ਗੱਲ੍ਹਾਂ ਤੇ ਪਾਇਕੇ ਖ਼ਾਲ ਖ਼ੂਨੀ ਰਾਹਜਾਂਦੜੇਮਿਰਗਫਸਾਂਵਨੀ ਹੈਂ ॥ ਗਹਿਣਾ ਨਖਰਿਆਂ ਨਾਲ ਪਰੋਇਕੇ ਤੇ ਅੱਖੀਂ ਪਾਇ ਸੁਰਮਾ ਮਟਕਾਵਨੀਹੈਂ ॥ ਮਲੇਂ ਵਟਣਾਂ ਲੋੜ੍ਹ ਦੀਦਾਸੜੇ ਦਾ

ਜ਼ਰੀਬਾਫ਼ਤਾ ਪੱਟ ਹੰਢਾਵਨੀ ਹੈਂ ॥ ਨਵਾਂ ਵੇਸ ਹੀਰੇ ਜੜਵਾਉਨੀ ਹੈਂ ਲਏ ਫੇਰੀਆਂ ਅਤੇ ਘੁਮਘਾਵਨੀ ਹੈਂ ॥ ਸਹੀਆਂ ਸੋਹਣੀਆਂ ਮੋਹਣੀਆਂ ਵਿੱਚ ਬਹਿਕੇ ਹੂਰਾਂ ਪਰੀ ਦੀ ਭੈਣ ਸਦਾਵਨੀ ਹੈਂ ॥ ਤੇੜ ਪਾਇਕੇ ਘੱਗਰਾ ਕਹਿਰ ਵਾਲਾ ਕੂੰਜਾਂ ਘੱਤਕੇ ਲਾਵਣਾ ਲਾਵਨੀ ਹੈਂ ॥ ਪੈਰ ਨਾਲ ਚਵਾਉਂਦੇ ਚਾਉਨੀ ਹੈਂ ਲਾਡ ਨਾਲ ਗਹਿਣੇ ਛਣਕਾਂਵਨੀ ਹੈਂ ॥ ਸਰਦਾਰ ਹੈਂ ਖੂਬਾਂ ਤੇ ਤ੍ਰਿੰਞਣਾਂ ਦੀ ਖ਼ਾਤਰ ਤਲੇ ਨਾ ਕਿਸੇ ਨੂੰ ਲਿਆਵਨੀ ਹੈਂ ॥ ਮਹਿੰਦੀ ਲਾਇ ਹੱਥੀਂ ਪਹਿਨ ਜ਼ਰੀ ਜ਼ੇਵਰ ਸੋਇਨ ਮੁਰਗ ਦਾ ਸ਼ਾਨ ਗਵਾਵਨੀ ਹੈਂ ॥ ਵੇਖ ਹੋਰਨਾਂ ਨੱਕ ਚੜ੍ਹਾਉਨੀ ਹੈਂ ਬੈਠ ਪਲੰਘ ਤੇ ਲੂਤੀਆਂ ਲਾਵਨੀ ਹੈਂ ॥ ਨਾਹੂ ਸ਼ਾਹ ਦੀ ਰੰਨ ਹੋਇ ਪਲੰਘ ਬੈਠੇਂ ਸਾਡੇ ਜੀਉ ਨੂੰ ਜ਼ਰਾ ਨਾ ਭਾਵਨੀ ਹੈਂ ॥ ਪਰ ਅਸੀਂ ਭੀ ਨਹੀਂ ਹਾਂ ਘਟ ਤੈਥੋਂ ਜੋ ਆਪ ਨੂੰ ਛੈਲ ਸਦਾਵਨੀ ਹੈਂ ॥ ਤੇਰਾ ਕੰਮ ਨਾ ਕੋਈ ਵਿਗਾੜਿਆ ਈ ਬੁਰਾ ਬੋਲਦੀ ਬੁਰਾ ਅਖਾਵਨੀ ਹੈਂ ॥ ਨਾਲੇ ਆਪਣੀ ਇੱਜ਼ਤ ਗਵਾਵਨੀ ਹੈਂ ਨਾਲੇ ਜੋਗੀ ਦੀ ਦੰਗ ਭਨਾਵਨੀ ਹੈਂ ॥ ਸਾਡੇ ਰੰਨ ਸਰੀਰ ਮਖੌਲੀਆਂ ਦੇ ਸਾਨੂੰ ਹੂ ਹੜੀ ਹੀ ਨਜ਼ਰ ਆਵਨੀ ਹੈਂ ॥ ਸਣੇ ਜੋਗੀ ਦੇ ਮਾਰਕੇ ਮਿੱਝ ਕੱਢੂ ਜੇਂਦੀਆਂ ਝਾੜਾਂ ਪਈ ਵਿਖਾਵਨੀ ਹੈਂ ॥ ਤੇਰਾ ਯਾਰ ਜਾਨੀ ਸਾਨੂੰ ਨਹੀਂ ਭਾਵੇ ਅਤੇ ਹੋਰ ਕੀ ਮੂੰਹੋਂ ਅਖਾਵਨੀ ਹੈਂ ॥ ਸਭੇ ਅੜਤਨੇ ਪੜਤਨੇ ਪਾੜ ਸੁਟਾਂ ਐਵੇਂ ਸ਼ੇਖੀਆਂ ਪਈ ਵਿਖਾਵਨੀ ਹੈਂ ॥ ਦੇਖ ਜੋਗੀ ਨੂੰ ਮਾਰ ਖਦੇੜ ਕੱਢਾਂ ਵੇਖਾਂ ਓਸ ਨੂੰ ਆਣ ਛੁਡਾਵਨੀ ਹੈਂ ॥ ਤੁਧ

ਸ਼ਾਵਣਾਕੀਏਸਗੱਲਵਿੱਚੋਂ ਵਾਰਿਸ਼ਾਹਨੂੰਲੂਤੀਆਂਲਾਵਣੀਹੈਂ॥

॥ ਕਲਾਮ ਹੀਰ ॥

ਝੁਗ਼ਾ ਚੂਆਬੀਏ ਸਾਂਗਾਕਿਉਂਲਾਵਣੀਹੈਂ ਰਿਸ਼ੇਰੋਣਖਿਉਂ ਪਈ ਬਣਾਵਣੀ ਹੈਂ ॥ ਲੱਗੇ ਵੱਸ ਜਿਹਣੇ ਖੋਹ ਖਾਂਵਣੀ ਹੈਂ ਸੜੀ ਬਲੀ ਨੂੰ ਲੂਤੀਆਂ ਲਾਵਣੀ ਹੈਂ ॥ ਐੜੀ ਨਾਗਣੀ ਨਾਲ ਨਾ ਗੱਲ ਕਰੀਏ ਸੈਦੇ ਨਾਲ ਨਿਕਾਹ ਪੜ੍ਹਾਵਣੀਹੈਂ ॥ਨੀ ਕਿਉਂ ਜੋਗੀ ਤੋਂ ਕੁਆਰ ਭਨਾਵਣੀ ਹੈਂ ਮੁੰਡਿਆਂ ਪਿੰਡ ਦਿਆਂ ਥੋਂ ਮੁਵਾਵਣੀ ਹੈਂ॥ ਵਾਰਸਸ਼ਾਹ ਦੇ ਨਾਲ ਉੱਠ ਜਾਹ ਉੱਪਲ ਕੇਹੀਆਂ ਪਈ ਬੁਝਾਰਤਾਂ ਪਾਵਣੀ ਹੈਂ ॥

॥ ਕਲਾਮ ਸ਼ਾਇਰ ॥

ਸਹਿਤੀਨਾਲਲੌਂਡੀਹੱਥੀਪਕੜਮੋਹਲੇਜੈਂ ਦੇਨਾਲਛੜੇਂ ਦੀਆਂ ਰਾਵਲੇ ਨੂੰ॥ ਗਿਰਦੇ ਆਣ ਹੋਈਆਂ ਵਾਂਗ ਜੋਗਣਾਂ ਦੇ ਝਾੜ ਘੱਤਿਓ ਨੇ ਉਸ ਰਾਵਲੇ ਨੂੰ॥ ਖੱਪਰ ਭੰਨਕੇ ਸੇਲੀਆਂ ਤੋੜ ਸਿਰ ਤੋਂ ਵਾਹਿ ਲਿਓ ਨੇ ਸੋਹਣੇ ਸਾਵਲੇ ਨੂੰ॥ ਅੰਦਰ ਵਾੜਕੇ ਹੀਰਨੂੰਮਾਰਕੁੰਡਾਬਾਹਰਕੁਟਿਆਓਸਜਰਾਵਲੇਨੂੰ॥ਵਾਰਿਸ਼ਾਹ ਮੀਆਂ ਨਾਲ ਮੋਹਲੀਆਂ ਦੇ ਠੰਡਾਕੀਤੇ ਨੇ ਉਸਤਤਾਵਲੇਨੂੰ॥ ਦੂਹਾਂ ਵੱਟ ਲੰਗੋਟੜੇ ਲਏ ਮੂਹਿਲੇ ਕਾਰੇ ਵੇਖ ਲੈ ਮੁੰਡਿਆਂ ਮੋਹਲੀਆਂ ਦੇ॥ ਜਿਵੇਂ ਛਿੰਜ ਵਿੱਚ ਮੱਲ ਨੂੰ ਮੱਲ ਢਾਹੇ ਧਮੇ ਭੰਨਿਓਂ ਨੇਨਾਲਕੋਹਣੀਆਂਦੇ॥ਜੱਟਮਾਰਮਧਾਣੀਆਂਫੇਹਿਆ

ਸੂ ਧਾਸੇ ਭੰਨਿਆਂ ਨਾਲ ਦੁਧ ਦੋਹਣੀਆਂ ਦੇ॥ ਨਿਕਲ ਚੱਟ
ਕੀਤਾ ਸਹਿਤੀ ਰਾਵਲੇ ਤੇ ਮਾਰ ਭੰਨਿਆਂ ਨੇ ਨਾਲ ਦੋਹਣੀਆਂ
ਦੇ॥ ਢੋਇ ਕਟਕ ਹੁਸੈਨਖਾਂ ਨਾਲ ਰੁਝਿਆ ਜਿਵੇਂ ਅਧਿਕ
ਸੁੰਦਰ ਵਿੱਚ ਰੋਹਣੀਆਂ ਦੇ॥ ਜੋਗੀ ਖਾਇਕੇ ਮਾਰ ਫਿਰ ਗਰਮ
ਹੋਇਆ ਮਾਰ ਮਾਰਿਆ ਭੂਤ ਫ਼ਤੂਰ ਦੇਨੇ॥ ਕਮਰ ਬੰਨ੍ਹਕੇ ਪੀਰ
ਨੂੰ ਯਾਦ ਕੀਤਾ ਲਈ ਬਾਪਨਾ ਮਲਕ ਹਜ਼ੂਰ ਦੇਨੇ॥ ਵੇਖ ਪਰੀ
ਦੇ ਨਾਲ ਗ਼ਮ ਮਾਰਿਆ ਨੇ ਏਸ ਫਰਿਸ਼ਤੇ ਬੇਤਲ ਮਮੂਰ ਦੇਨੇ॥
ਸ਼ੇਰਾ ਬਖ਼ਸ਼ੀ ਦਾ ਮਾਰਕੇ ਟਲੀਤਾ ਫਤੇ ਪਾਈ ਪਠਾਣ
ਕਸੂਰ ਦੇਨੇ॥ ਵਾਰਸ ਸ਼ਾਹ ਜਦ ਅੰਦਰੋਂ ਗਰਮ ਹੋਇਆ ਲਾਵਾਂ
ਕੱਢੀਆਂ ਵਾਂਗ ਤੰਦੂਰ ਦੇਨੇ॥ ਏਨ੍ਹਾਂ ਮਾਰ ਸਵਾਰਿਆ ਰਾਵਲੇ
ਨੇ ਪੰਜ ਸੱਤ ਪਹੌੜੀਆਂ ਲਾਈਆਂ ਸੂ॥ ਗੱਲ੍ਹਾਂ ਪੱਟਕੇ ਚੋਲੀਆਂ
ਕਰੇ ਲੀਰਾਂ ਹਿੱਕਾਂ ਭੰਨਕੇ ਲਾਲ ਕਰਾਈਆਂ ਸੂ॥ ਨਾਲੇ ਤੋੜ
ਝੰਜੋੜ ਤੇ ਪਕੜ ਲੱਤੋਂ ਦੋਵੇਂ ਵੇਹੜੇ ਵਿਚ ਭਵਾਈਆਂ ਸੂ॥ ਖੋਹ
ਚੂੰਡੀਆਂ ਗੱਲ੍ਹਾਂ ਤੇ ਮਾਰ ਹੂਧਾਂ ਦੁਇ ਦੁਇ ਧਉਣਾ ਦੇ ਮੁੱਢ
ਟਿਕਾਈਆਂ ਸੂ॥ ਜੇਹਾ ਰਿੱਛ ਕਲੰਦਰੀ ਘਲ ਪੈਂਦਾ ਸੋਟੇ
ਚੂਤੜੀਂ ਮਾਰ ਟਪਾਈਆਂ ਸੂ॥ ਵੱਢੇ ਚੂੰਡੀਆਂ ਚੱਕ ਤੇ ਦੇ ਗਾਲੀਂ
ਦੋਵੇਂ ਬਾਂਦਰਾਂ ਵਾਂਗ ਨਚਾਈਆਂ ਸੂ॥ ਗਿੱਟੇ ਲੱਕ ਠਕੋਰਕੇ
ਨਾਲ ਕੁਤਕੇ ਦੋਵੇਂ ਗਧੀਆਂ ਵਾਂਗ ਲਦਾਈਆਂ ਸੂ॥ ਜੋਗੀ
ਵਾਸਤੇ ਸਾਈਂ ਦੇ ਲੜੇ ਨਾਹੀਂ ਵਾਰੇ ਸ਼ਾਹ ਨੇ ਆਣ ਛੁਡਾਈਆਂ ਸੂ॥
ਦੁਹਾਂ ਛੁਟਦੀਆਂ ਹਾਲ ਪੁਕਾਰ ਕੀਤੀ ਪੰਜ ਸੱਤ ਮੁਸ਼ਟੰਡੀਆਂ

ਆਇ ਗਈਆਂ॥ਓਹ ਅੱਕਕੇ ਧੱਕਕੇ ਰੱਖ ਅੱਗੇ ਘਰੋਂ ਕੱਢਕੇ
ਤਾਕ ਝੜਾਇਗਈਆਂ ॥ ਧੱਕੇ ਦੇਕੇ ਸੱਟਪਲੱਟ ਉਸਨੂੰਹੋੜਾ
ਵਡਾ ਮਜ਼ਬੂਤ ਚੜ੍ਹਾਇਗਈਆਂ ॥ ਵਾਂਗ ਲਸ਼ਕਰਾਂ ਆਨਕੇ
ਗਿਰਦ ਹੋਈਆਂ ਫ਼ਤੇਪਾਇਕੇਕਿਲਾਛੁਡਾਇਗਈਆਂ॥ਜੋਗੀ
ਮਸਤ ਹੈਰਾਨ ਹੋਵੇਖਰਹਿਆ ਕੋਈ ਜਾਦੂੜਾ ਘੋਲਪਿਲਾਇ
ਗਈਆਂ ॥ ਅੱਗੇ ਵੈਰਸੀਨਵਾਂ ਫਿਰਹੋਰ ਹੋਯਾ ਵੇਖਭੜਕਦੀ
ਤੇਤੇਲ ਪਾਇਗਈਆਂ॥ਮਿਲੇਛਿਰੀਵਿਹੂਨੜੇਖੋਇਓਨੇਦੂਨੀ
ਅੱਗਤੇਅੱਗਲਗਾਇਗਈਆਂ॥ਘਰੋਂਕੱਢਆਰੂੜੀਤੇਸੁਟਿਆਨੇ
ਕੱਢ ਬਹਿਸ਼ਤ ਤੋਂ ਦੋਜ਼ਖ਼ੇ ਪਾਇ ਗਈਆਂ ॥ ਬਾਜ਼ ਤੋੜਕੇ
ਤਾਮਿਓਂਲਾਹਿਓਨੇ ਤੇ ਮਸ਼ੂਕਦੀ ਦੀਦ ਗਵਾਇ ਗਈਆਂ ॥
ਜੇਹੜੀਆਂ ਰਾਤਾਂਦਾ ਖੌਫ਼ ਰੰਡੇਟੜੇ ਨੂੰ ਸੋਈ ਰਾਤਾਂਰੰਡੇਟੇਨੂੰ
ਆਇ ਗਈਆਂ ॥ਸੂਬੇਦਾਰ ਤਗੱਯਰ ਹੋ ਕੱਢ ਦਿਤਾ ਵਡਾ
ਵਾਇਦਾ ਜੋਗੀ ਨੂੰ ਪਾਇਗਈਆਂ ॥ ਅਗੇਠੂਠੇ ਨੂੰ ਝੂਰਦਾ
ਸੜਾ ਹੋਕੇ ਓਥੇਨਵਾਂ ਪਸਾਰ ਪਸਾਇ ਗਈਆਂ ॥ ਵਾਰਸਸ਼ਾਹ
ਮੀਆਂਨਵਾਂ ਸੇਹਰਹੋਯਾਪਰੀਆਂਜਿੰਨਫ਼ਕੀਰਨੂੰਲਾਗਈਆਂ॥
ਘਰੋਂ ਕੱਢਕੇਅਕਲਸ਼ਹੂਰਗਇਆਆਦਮਜੰਨਤੋਂਕਢਹੈਰਾਨ
ਕੀਤਾ ॥ ਸ਼ੱਦਾਦ ਬਹਿਸ਼ਤ ਥੀਂ ਰਹਿਆ ਬਾਹਰ ਨਮਰੂਦ
ਮੱਛਰ ਪਰੇਸ਼ਾਨ ਕੀਤਾ ॥ ਜਿਸਦੇ ਵਾਸਤੇ ਅਰਸ਼ਤੋਂ ਦੇਇ
ਧੱਕੇ ਜਿਵੇਂ ਰੱਬ ਨੇ ਰੱਦ ਸ਼ੈਤਾਨ ਕੀਤਾ॥ਵਾਰਸਸ਼ਾਹਹੈਰਾਨ
ਹੋ ਗਿਆ ਜੋਗੀ ਜਿਵੇਂ ਨੂਹ ਹੈਰਾਨ ਤੂਫ਼ਾਨ ਕੀਤਾ ॥

॥ ਕਲਾਮ ਜੋਗੀ ॥

ਹੀਰ ਛੱਪ ਬੈਠੀ ਅਸੀ ਕੱਢ ਛੱਡੇ ਸਾਡਾ ਵਾਹ ਪਿਆ ਨਾਲ ਡੋਰਿਆਂ ਦੇ ॥ ਓਹ ਵਿਲੜਾ ਹੱਥ ਨਾ ਆਂਵਦਾਈਲੋਕ ਦੇਰਹੇ ਲਖ ਢੰਢੋਰਿਆਂ ਦੇ॥ਇਕ ਰੰਨ ਹਾਰੀ ਦੂਜਾ ਵੰਨਗਿਆਲੋਕ ਮਾਰਦੇ ਨਾਲ ਨਹੋੜਿਆਂ ਦੇ ॥ ਨੂੰਹਾਂ ਰਾਜਿਆਂ ਦੀਆਂਰੰਨਾਂ ਡਾਢਿਆਂ ਦੀਆਂ ਕੀਕੂੰ ਹੱਥ ਆਵਨ ਬਾਝ ਜ਼ੋਰਿਆਂ ਦੇ॥ਅਸਾਂ ਖ਼ੈਰਮੰਗਨਾਓਨ੍ਹਾਂ ਵੈਰ ਕੀਤਾ ਵਾਰਸਮਾਰਿਆਨਾਲਵਿਛੋੜਿਆਂ ਦੇ ॥ ਧੂੰਆਂ ਹੂੰਝਕੇ ਰੋਇਕੇ ਆਹ ਮਾਰੀ ਰੱਬਾ ਮੇਲਕੇ ਯਾਰ ਵਿਛੋੜਿਆ ਕਿਉਂ॥ਮੇਰਾ ਰੜੇ ਜਹਾਜ਼ ਸੀ ਆਣਲੱਗਾ ਬੰਨੇ ਲਾਇਕੇ ਫੇਰ ਮੁੜ ਬੋੜਿਆ ਕਿਉਂ ॥ ਕੋਈ ਅਸਾਂ ਥੀਂ ਬੜਾ ਗੁਨਾਹ ਹੋਇਆ ਸਾਥ ਫਜ਼ਲ ਦਾ ਸਦਕੇ ਮੋੜਿਆ ਕਿਉਂ ॥ ਵਾਰਸਸ਼ਾਹ ਇਬਾਦਤਾਂ ਛੱਡਕੇ ਤੇ ਦਿਲ ਨਾਲ ਸ਼ੈਤਾਨ ਦੇ ਜੋੜਿਆ ਕਿਉਂ ॥ ਮੈਨੂੰ ਰੱਬ ਬਾਝੋਂ ਨਹੀਂ ਤਾਂਘ ਕੋਈ ਸਭੇ ਛੱਡੀਆਂ ਗ਼ਮਾਂ ਨੇ ਮੱਲੀਆਂ ਨੀ ॥ ਸਾਡੀ ਦੇਸ ਤੇ ਮੁਲਕਤੋਂ ਸਾਂਝ ਚੁੱਕੀ ਸਾਡੀਆਂ ਕਿਸਮਤਾਂ ਜੰਗਲੀਂ ਚੱਲੀਆਂ ਨੀ ॥ ਜਿਥੇਸ਼ੀਂਹ ਥੁਕਨਫੂਕਨ ਨਾਗ ਕਾਲੇ ਬਘਿਆੜਘੱਤਨਨਿੱਤ ਜੱਲੀਆਂ ਨੀ ॥ ਚਿਲਾ ਕੱਟਕੇ ਪੜ੍ਹਾਂ ਕਲਾਮ ਡਾਢੀ ਵੱਜੀਆਂ ਆਨਅਵੱਲੀਆਂ ਨੀ ॥ ਕੀਤੀਆਂ ਮਿੰਨਤਾਂ ਵਾਰਸਾ ਦੁਖ ਝਾਕੇ ਰਾਤੀਂ ਜਾਂਦੀਆਂ ਨਹੀਂ ਨਿਚਲੀਆਂ ਨੀ ॥

॥ ਕਲਾਮ ਹੀਰ ॥

ਰੋਂਦਾ ਕਾਸਨੂੰ ਬੀਰ ਬੈਤਾਲੀ ਆਵੇ ਪੰਜਾਂ ਪੀਰਾਂ ਦਾ ਤੁਧ ਮਿਲਾਪ ਮੀਆਂ ॥ ਲਾਇ ਜ਼ੋਰ ਤੂੰ ਪੀਰ ਲਲਕਾਰ ਸਭੇ ਤੇਰਾ ਦੂਰ ਹੋਵੇ ਦੁਖ ਤਾਪ ਮੀਆਂ ॥ ਜੇਹੜੇ ਪੀਰ ਦਾ ਤੁਧਨੂੰ ਜ਼ੋਰ ਹੈ ਵੇ ਕਰ ਰਾਤ ਨੂੰ ਓਸਦਾ ਜਾਪ ਮੀਆਂ ॥ ਜ਼ੋਰ ਆਪਨਾ ਫ਼ਕਰ ਨੂੰ ਯਾਦ ਆਇਆ ਬਾਲ ਨਾਥ ਮੇਰਾ ਗੁਰੂ ਬਾਪ ਮੀਆਂ ॥ ਵਾਰਸਸ਼ਾਹ ਭੁੱਖਾ ਬੂਹੇ ਰੋਵੇ ਬੈਠਾ ਦੇਵੇ ਉਨ੍ਹਾਂ ਨੂੰ ਵਡਾ ਸਰਾਪ ਮੀਆਂ ॥

॥ ਕਲਾਮ ਜੋਗੀ ॥

ਕਰਾਮਾਤ ਜਗਾਇਕੇ ਸ਼ਹਿਰ ਫੂਕਾਂ ਜੜ੍ਹਾਂ ਖੇੜਿਆਂ ਦੀਆਂ ਮੁਢੋਂ ਪੁੱਟ ਸੁੱਟਾਂ ॥ ਫ਼ੌਜਦਾਰ ਨਾਹੀਂ ਦੇਆਂ ਫੂਕ ਅੱਗਾਂ ਕਰ ਮੁਲਖ ਨੂੰ ਚੌੜ ਚੁਪੱਟ ਸੁੱਟਾਂ ॥ ਨਾਲ ਫ਼ੌਜ ਨਾਹੀਂ ਪਕੜ ਕੁਆਰਵੀ ਨੂੰ ਹੱਥ ਪੈਰ ਤੇ ਨੱਕ ਕੰਨ ਕੱਟ ਸੁੱਟਾਂ ॥ ਅਲਮਤਾਰਾ ਕੈਫ਼ਾਫ਼ ਅੱਲਾ ਰੱਬੂਕਾ ਪੜ੍ਹਕੇ ਨਦੀ ਵਹਿੰਦੀਆਂ ਪਲਕ ਵਿਚ ਅੱਟ ਸੁੱਟਾਂ ॥ ਸਹਿਤੀ ਹੱਥ ਆਵੇ ਪਕੜ ਜੂੰਡੀਆਂ ਥੋਂ ਵਾਂਗ ਟਾਟ ਦੀ ਤ੍ਰਪੜੀ ਛੱਟ ਸੁੱਟਾਂ ॥ ਪੰਜੇ ਪੀਰ ਜੇ ਬਾਹੁੜਨ ਆਨ ਮੈਨੂੰ ਦੁਖ ਦਰਦ ਕਜੀਅੜੇ ਕੱਟ ਸੁੱਟਾਂ ॥ ਹੁਕਮ ਰੱਬ ਦੇ ਨਾਲ ਮੈਂ ਕਾਲ ਜੀਭਾ ਨਗਾਰੇ ਲਗਕੇ ਤੂਤੀ ਨੂੰ ਚੱਟ ਸੁੱਟਾਂ ॥ ਪਾਰ ਹੋਵੇ ਸਮੁੰਦ੍ਰੋਂ ਹੀਰ ਬੈਠੀ ਥੁੱਕਾਂ ਨਾਲ ਸਮੁੰਦਰ ਨੂੰ ਝੱਟ ਸੁੱਟਾਂ ॥ ਜੱਟ ਵੱਟ ਪਲੱਟ ਹਲੱਟ ਹੋਵੇ ਜੱਟ ਵੱਟ ਦੇ ਉਧਵਲੱਟ ਸੁੱਟਾਂ ॥ ਜੱਟ ਵੱਟ ਤੇ ਪੱਟ ਤੇ ਵੱਟ ਧੱਧੇ ਵਰ ਦੇਣ ਸਿਆਣਿਆਂ ਸੱਟ ਸੁੱਟਾਂ ॥ ਸਰਾਂ ਆਪਣੀ

ਜਿੰਦ ਤੇ ਦੁਖ ਸਭੇ ਨਹੀਂ ਜੀਂਵਦਾ ਪ੍ਰੀਤ ਨੂੰ ਕੱਟ ਸੁੱਟਾਂ॥ ਵਾਰਸ ਸ਼ਾਹ ਮਾਸ਼ੂਕ ਜੇ ਮਿਲੇ ਮੈਨੂੰ ਸੱਭੇ ਜੀਉ ਦੇ ਦੁਖੜੇ ਕੱਟ ਸੁੱਟਾਂ॥

॥ ਕਲਾਮ ਸ਼ਾਇਰ ॥

ਦਿਲ ਫ਼ਿਕਰ ਨੇ ਘੇਰਿਆ ਬੰਦ ਹੋਇਆ ਰਾਂਝਾ ਜੀਉ ਗੋਤੇ ਲਖ ਖਾਇ ਬੈਠਾ॥ ਸੱਥੋਂ ਹੂੰਝ ਧੂੰਆਂ ਸਿਰ ਚਾਇ ਟੁਰਿਆ ਕਾਲੇ ਬਾਗ਼ ਮੇਂ ਡੇਰਾ ਮਚਾਇ ਬੈਠਾ॥ ਅਖੀਂ ਮੀਟ ਕੇ ਰਬ ਵਲ ਧਿਆਨ ਕਰਕੇ ਚਾਰੋਂ ਤਰਫ ਹੀ ਧੂੰਆਂ ਜਗਾਇ ਬੈਠਾ॥ ਵੱਟ ਮਾਰਕੇ ਚਾਰੋਂ ਹੀ ਤਰਫ ਉੱਚੀ ਉਥੇ ਵਲਗਣ ਖੂਬ ਬਣਾਇ ਬੈਠਾ॥ ਅਸਾਂ ਕਚ ਕੀਤਾ ਰਬ ਸਚ ਕਰਸੀ ਏਹ ਆਖਕੇ ਵੈਰ ਜਗਾਇ ਬੈਠਾ। ਗੋਠ ਲਾਇਕੇ ਸਾਸ ਚੜ੍ਹਾਇ ਦੁਆਰੇ ਕੋਈ ਵਡਾ ਮਹੰਤ ਹੈ ਆਇ ਬੈਠਾ॥ ਝੜਕੀ ਅੱਗ ਚੁਆਤੜੀ ਤਾਉ ਕੀਤਾ ਇਸ਼ਕ ਮੁਸ਼ਕ ਵਿਸਾਰਕੇ ਆਇ ਬੈਠਾ॥ ਵਿਚ ਸੰਘਣੀ ਛਾਉਂ ਦੇ ਘੱਤ ਭੂਰਾ ਵਾਂਗ ਅਹਿਦੀਆਂ ਵਾਸ ਨਾਂ ਲਾਇ ਬੈਠਾ॥ ਵਾਰਸ ਸ਼ਾਹ ਉਸ ਵਕਤ ਨੂੰ ਝੂਰਦਾ ਈ ਜਿਸ ਵੇਲੜੇ ਅੱਖੀਆਂ ਲਾਇ ਬੈਠਾ॥ ਮੀਟ ਅਖੀਆਂ ਰਖੀਆਂ ਬੰਦਗੀ ਤੇ ਘੱਤ ਜੁਲੀਆਂ ਝਿਲੇ ਵਿੱਚ ਹੋਇ ਰਿਹਾ॥ ਕਰੇ ਆਜਜ਼ੀ ਵਿਚ ਮਰਾਕਬੇ ਦੇ ਦਿਨੇ ਰਾਤ ਖ਼ੁਦਾਇ ਤੇ ਰੋਇ ਰਿਹਾ॥ ਵਿਚ ਯਾਦ ਖ਼ੁਦਾਇ ਦੇ ਮਹਿਕਮੇ ਤੇ ਕਦੇ ਬੈਠ ਰਿਹਾ ਕਦੇ ਸੌਂਇ ਰਿਹਾ॥ ਨਿਉਲੀ ਕਰਮ ਕਰੇ ਉਰਧ ਤਪ ਕਰੇ ਕਦੇ ਸੁੰਨ ਸਰੀਰ ਮੈਂ ਹੋਇ ਰਿਹਾ॥ ਕਦੇ ਕ[illegible] ਬਿਕਲਪ ਤੇ ਪਉਣਹਾਰੀ ਕਦੇ ਵਰਤ ਨੇਮੀ ਭਿੜੂ ਲਾਇ

ਰਿਹਾ॥ ਕਦੇ ਸਿਧ ਕਪਾਲੀਆਂ ਪਦਮ ਆਸਨ ਅਲਫ਼ ਸੂਹ
ਮੱਥੇ ਉੱਤੇ ਲਾਇ ਰਿਹਾ॥ਕਦੇ ਮਸਤ ਮਜੂਬ ਚੋਲੇਟ ਸੁਥਰਾ
ਪਜ਼ਾਰੇ ਯਾਰ ਦੇ ਨਾਲ ਚਿਤ ਲਾਇ ਰਿਹਾ ॥ ਵਾਰਸਸ਼ਾਹ ਨਾ
ਫ਼ਿਕਰ ਕਰਮੁਸ਼ਕਲੇਦਾ ਜੋ ਕੁਛ ਹੋਵਨਾਸੀਸੋਈਹੋਇਰਿਹਾ॥
ਰੋਜ਼ ਜੁਮੇ ਦੇ ਤ੍ਰਿੰਝਣਾਂ ਲਈ ਸ਼ੁਟੀ ਝੜ੍ਹ ਨਿਕਲੇ ਕਟਕ
ਅਰਬੇਲੀਆਂ ਦੇ॥ ਜਿਵੇਂ ਕੂੰਜਾਂ ਦੀ ਡਾਰ ਆ ਬਹੇ ਬਾਗੀਂ
ਫਿਰਨ ਘੂਰਲੇ ਅਰਬ ਮਹੇਲੀਆਂ ਦੇ ॥ ਵਾਂਗ ਸ਼ਾਹਪਰੀਆਂ
ਛਨਨ ਛਨਨ ਕਰਕੇ ਵੜੇ ਤ੍ਰਿੰਞਣਾਂ ਨਾਲ ਸਹੇਲੀਆਂ ਦੇ ॥
ਧਮਕਾਰ ਪੈ ਗਿਆ ਤੇ ਧਰਤ ਬੋਲੀ ਛੁਟੇ ਪਾਸਣੇ ਗਰਬ
ਗਹੇਲੀਆਂਦੇ॥ ਦੇਖਜੋਗੀਦੇਆਸਨ ਆਨਵੜੀਆਂ ਪਰੀਆਂ
ਲਟਕਦੀਆਂ ਵਿਚ ਹਵੇਲੀਆਂ ਦੇ ॥ ਵਾਰਸਸ਼ਾਹ ਉਸ਼-
ਨਾਕ ਜਜੇਂ ਢੂੰਡ ਲੈਂਦੇ ਅਤਰ ਵਾਸਤੇ ਹੱਟ ਫੁਲੇਲੀਆਂ ਦੇ ॥
ਧੂਆਂਫੋਲਕੇਸੂਾਹਦਰੋਲਕੇਤੇਖੱਪਰਸੇਲੀਆਂਭੰਨਖਿਲਾਰੀਆਂ
ਨੇ॥ ਡੰਡੇ ਕੂੰਡੇ ਤੇ ਪੋਸਤ ਅਫ਼ੀਮ ਗੋਹੇ ਫੋਲਫਾਲਕੇਪੱਟਿਆ
ਡਾਰੀਆਂ ਨੇ ॥ ਧੂਆਂ ਸੂਾਹ ਖਿਲਾਰਕੇ ਭੰਨ ਹੁੱਕਾ ਗਾਹਘੱਤ
ਕੇ ਲੁੱਡੀਆਂ ਮਾਰੀਆਂ ਨੇ॥ਸਾਫ਼ਾ ਸੈਂਗਲੀਚਿਮਟਾਭੰਨਕੇਗਣ
ਨਾਦ ਸਿਮਰਨਾ ਧੂਪ ਖਿਲਾਰੀਆਂ ਨੇ॥ ਬਾਲ ਲਕੜੀਆਂ
ਮੁੱਢ ਸੂਾਹਕੀਤੇ ਭੰਨ ਪਾਥੀਆਂ ਮਲੀਹ ਕਰ ਡਾਰੀਆਂ ਨੇ ॥
ਜਿਵੇਂ ਹੂੰਝ ਬੁਹਾਰੀਆਂ ਰੋਲ ਕੂੜਾ ਬਾਹਰ ਸਟਿਆ ਕੱਢ
ਪਸਾਰੀਆਂ ਨੇ ॥ ਕਰਨ ਹੇਲੂਆ ਹੇਲੂਆ ਮਾਰ ਮਾਹਗਾ

ਫੈਨ ਪੀਰੀਆਂ ਖਿਲੀਆਂ ਮਾਰੀਆਂ ਨੇ॥ ਵਾਰਸਸ਼ਾਹ ਜਿਉਂ ਦੁਲਾਂ ਪੰਜਾਬ ਲੁਟੀ ਤਿਵੇਂ ਜੋਗੀ ਨੂੰ ਲੁੱਟਿਆ ਡਾਰੀਆਂ ਨੇ ॥ ਕਿਲੇਦਾਰ ਨੂੰ ਮੋਰਚੇ ਤੋੜ ਢੁਕੇ ਸ਼ਬ ਖੂਨ ਤਿਆਰ ਹੋ ਸਜਿਆਈ ॥ ਧਾੜਾ ਪਏ ਜਿਉਂ ਧਾੜਵੀ ਸ਼ੀਹ ਚੋਣੇ ਉਤੇ ਬੂਰਿਆਂ ਦੇ ਸ਼ੇਰ ਗਜਿਆਈ ॥ ਨੱਸ ਸਭ ਗਈਆਂ ਇਕ ਰਹੀ ਪਿਛੇ ਜੋਗੀ ਸੋਇਨ ਚਿੜੀ ਉਤੇ ਵਜਿਆਈ ॥ ਹਾਇ ਹਾਇ ਮਾਈ ਮੁੱਠੀ ਜਾਹ ਨਾਹੀਂ ਪਰੀ ਵੇਖ ਅਵਧੂਤਨਾ ਲਜਿਆਈ ॥ ਨੰਗੀ ਹੋਇ ਬੈਠੀ ਸੁਟ ਜ਼ਰੀ ਜ਼ੇਵਰ ਸਭ ਜਾਨ ਬਹਾਨਿਆਂ ਤਜਿਆਈ ॥ ਜਿਵੇਂ ਮਲਕਲ ਮੌਤ ਦੀ ਹੋਵੇ ਤੰਗੀ ਪੜਦਾ ਕਿਸੇ ਦਾ ਕਿਸੇ ਨ ਕਜਿਆਈ ॥ ਉਤੇ ਨਾਦ ਵਜਾਇਕੇ ਕਰੇ ਨਾਰੇ ਅਖੀਂ ਲਾਲ ਕਰਕੇ ਮੂੰਹ ਅਡਿ-ਆਈ॥ ਵਾਰਸਸ਼ਾਹ ਹਿਸਾਬ ਨੂੰ ਪਰੀ ਪਕੜੀ ਸੂਰ ਹਸ਼ਰ ਦਾ ਵੇਖ ਲੈ ਵਜਿਆਈ ॥

॥ ਕੌਲਾਂ ਦੀ ਅਰਜ਼ ॥

ਕੌਲਾਂ ਆਖਿਆ ਮਾਰ ਨ ਫਾਹੁੜੀ ਵੇ ਮਰਜਾਊਗੀ ਮਸਤ ਦਿਵਾਨਿਆਂ ਵੇ ॥ ਕੂਕੇ ਬਾਹੁੜੀ ਬਾਹੁੜੀ ਮਰਾਂ ਜਾਨੋਂ ਰਖ ਲਈਂ ਤੂੰ ਮੀਆਂ ਮਸਤਾਨਿਆਂ ਵੇ॥ਤੇਰਾ ਦੇਵਾਂ ਸਨੇਹੁੜਾ ਹੀਰ ਤਾਈਂ ਅਸੀਂ ਆਪਣੀ ਨਹੀਂ ਬੇਗਾਨਿਆਂ ਵੇ॥ਅਜ਼ਰਾਈਲ ਜਾਂ ਆਨਕੇ ਬਹੇ ਹੂੰ ਹੇ ਨਹੀਂ ਛੁਟੀਦਾ ਨਾਲ ਬਹਾਨਿਆਂ ਵੇ॥ ਤੇਰੀ ਢੀਲ ਹੈ ਦੇਉ ਦੀ ਅਸੀ ਪਰੀਆਂ ਇਕ ਲੱਤ ਲੱਗੀ

ਮਰ ਜਾਨੀਆਂ ਵੇ ॥ ਗੱਲ ਦੱਸਣੀ ਹਈ ਸੋ ਦਸ ਮੈਨੂੰ ਤੇਰਾ ਲਈ ਸਨੇਹੁੜਾ ਜਾਨੀਆਂ ਵੇ ॥ ਤੇਰੇ ਵਾਸਤੇ ਉਸ ਦੀ ਕਰਾਂ ਮਿੰਨਤ ਜਾ ਹੀਰ ਅਗੇ ਦਟਿਆਨੀਆਂ ਵੇ ॥ ਵਾਰਸ ਆਖ ਕੀਕਰ ਜਾਇ ਕਹਾਂ ਉਸਨੂੰ ਅਵੇ ਹੀਰ ਦੇ ਮਾਲ ਖਜ਼ਾਨਿਆਂ ਵੇ॥

॥ ਕਲਾਮ ਜੋਗੀ ॥

ਜਾਇ ਹੀਰ ਨੂੰ ਆਖਣਾ ਭਲਾ ਕੀਤਾ ਸਾਨੂੰ ਹਾਲ ਥੀਂ ਬੇ ਬੇਹਾਲ ਕੀਤੋ ॥ ਵੱਨਾਜ਼ਿਆਤਿ ਗ਼ਾਰਕਨ ਪੜੀ ਬਾਬ ਸਾਡੇ ਬਿਜ਼ਾਜ਼ੂਲ ਜ਼ਿਲਤ ਚਾਕਦੀ ਜ਼ਾਲ ਕੀਤੋ ॥ ਈਡਾ ਸਿਆਹ ਸਫ਼ੈਦ ਸੀ ਇਸ਼ਕ ਵਾਲਾ ਉਹ ਘੱਤਮ ਜੀਠ ਰੰਗ ਲਾਲ ਕੀਤੋ॥ ਦੀਨਾਨਗਰ ਦੇ ਮਗਰ ਜਿਉਂ ਪਏ ਗਿਲਜੇ ਡੇਰਾ ਲੁਟਕੇ ਚਾ ਕੰਗਾਲ ਕੀਤੋ ॥ ਰਸਾ ਡੋਰਦਾ ਅੰਗ ਦਾ ਤਾਉ ਦੇਕੇ ਭਾਇ ਅੰਦਰੋਂ ਬਾਹਰੋਂ ਲਾਲ ਕੀਤੋ ॥ ਆਹਨ ਏਸ ਵਾਂਗੂ ਮੇਰੇ ਮਗਰ ਪੈਕੇ ਪੁਟ ਪਟ ਕੇ ਹਕ ਦਾ ਤਾਲ ਕੀਤੋ ॥ ਚਿਹਰੇ ਲਿਖ ਬਹਾਲਿਆ ਖੇੜਿਆਂ ਨੂੰ ਬੇਤਰਜ਼ੀਆਂ ਤੇ ਮਹੀਂ ਵਾਲ ਕੀਤੋ॥ ਫ਼ਤਿਆਬਾਦ ਦਾ ਦਿਤੋਈ ਖੇੜਿਆਂ ਨੂੰ ਡਾਇਰਾਂਵਣੇ ਦੇ ਵੈਰੋਵਾਲ ਕੀਤੋ ॥ ਛੱਡ ਨੱਠੀਏਂ ਸਿਆਲ ਦੇ ਮਹੀਂ ਮਾਹੀ ਵਿਚ ਖੇੜਿਆਂ ਦੇ ਆਏ ਜਾਲ ਕੀਤੋ ॥ ਕਰਕੇ ਲੋਕ ਵਿਖਾਲਣਾ ਵਿਆਹ ਵਾਲਾ ਡੋਲੀ ਚੜ੍ਹਨ ਲੱਗੀ ਚਾਲ ਹਾਲ ਕੀਤੋ॥ਜਾ ਮੈਂ ਗਿਆ ਵੇਹੜੇ ਸਹਿਤੀ ਨਾਲ ਰਲਕੇ ਫੜੇ ਚੋਰ ਵਾਂਗੂ ਮੇਰਾ ਹਾਲ ਕੀਤੋ॥ ਪਹਿਲੇ ਚੌਧਰੀ ਦਾ ਪੁੱਤ੍ਰ ਚਾਕ ਹੋਕੇ

ਚਾਇ ਜੱਗ ਉੱਤੇ ਮੇਹੀਂ ਵਾਲ ਕੀਤੋ ॥ ਸਾਡਾ ਬਾਲ ਕੰਗਾਲ ਬੇਹਾਲ ਕਰਕੇ ਹਾਲ ਪਾਲ ਥੀਂ ਚਾ ਪਹਾਲ ਕੀਤੋ ॥ ਨਾਦਰ ਸ਼ਾਹ ਤੋਂ ਹਿੰਦ ਪੰਜਾਬ ਥਰਕੇ ਬਾਬ ਮੇਰੇ ਤੂੰ ਚਾਇ ਭੁਚਾਲ ਕੀਤੋ ॥ ਤੇਰੇ ਬਾਬ ਦਰਗਾਹਿ ਥੀਂ ਮਿਲੇ ਬਦਲਾ ਜੇਹਾ ਜ਼ਾਲਮਾਂ ਨੇ ਮੇਰੇ ਨਾਲ ਕੀਤੋ ॥ ਦਿਲੋਂ ਆਪਣਾ ਸ਼ੌਕ ਤੇ ਜ਼ੌਕ ਮਸਤੀ ਵਾਰਸਸ਼ਾਹ ਫ਼ਕੀਰ ਨਿਹਾਲ ਕੀਤੋ ॥

॥ ਕਲਾਮ ਕੁੜੀ ॥

ਕੁੜੀ ਆਪਣਾ ਆਪ ਛੁੜਾਇ ਨੱਠੀ ਤੀਰ ਗੁੱਸੇ ਦਾ ਦਿਲ ਵਿਚ ਕੱਸਿਆਈ ॥ ਸਹਿਜੇ ਜਾਇਕੇ ਹੀਰ ਦੇ ਪਾਸ ਬਹਿਕੇ ਹਾਲ ਰਾਂਝੇ ਦਾ ਉਸ ਸਭ ਦੱਸਿਆਈ ॥ ਛੱਡ ਨੰਗ ਨਾਮੂਸ ਫ਼ਕੀਰ ਹੋਇਆ ਰਹੇ ਰੋਂਦੜਾ ਕਦੇ ਨਾ ਹੱਸਿਆਈ ॥ ਏਸ ਹੁਸਨ ਕਮਾਨ ਨੂੰ ਹੱਥ ਫੜਕੇ ਆਇ ਕਹਿਰ ਦਾ ਤੀਰ ਕਿਉਂ ਕੱਸਿਆਈ ॥ ਘਰੋਂ ਮਾਰਕੇ ਮੋਹਲੀਆਂ ਕੱਢਿਆਈ ਜਾਇ ਕਾਲਜੇ [illegible] ਵਿਚ ਵੱਸਿਆਈ ॥ ਵਾਰਸ਼ਾਹ ਦਿਨੇ ਰਾਤੀ ਮੀਂਹ ਵਾਂਗੂੰ ਨੀਰ ਉਸਦੇ ਨੈਣਾਂ ਦਾ ਵੱਸਿਆਈ ॥

॥ ਕਲਾਮ ਹੀਰ ॥

ਕੁੜੀਏ ਵੇਖ ਰੰਝੇਟੇ ਨੇ ਕੱਚ ਕੀਤਾ ਖੋਲ੍ਹ ਜੀਉ ਦਾ ਭੇਦ ਖਿਲਾਰਿਆਈ ॥ ਮਨਸੂਰ ਨੇ ਇਸ਼ਕ ਦਾ ਭੇਦ ਦਿੱਤਾ ਉਸ ਨੂੰ ਚਾੜ੍ਹ ਸੂਲੀ ਉੱਤੇ ਮਾਰਿਆਈ ॥ ਰਸਮ ਇਸ਼ਕ ਦੀ ਮੁਲਕ ਤੋਂ ਚੁਪ ਰਹਿਣਾਂ ਮੂੰਹੋਂ ਬੋਲਿਆ ਤੇ ਸੋਈ ਮਾਰਿਆਈ ॥

ਤੋਤਾ ਬੋਲਕੇ ਪਿੰਜਰੇ ਕੈਦ ਹੋਇਆ ਐਵੇਂ ਬੋਲਿਆ ਅਗਨ ਸੰਘਾਰਿਆਈ ॥ ਘੂਸੜ ਬੋਲਕੇ ਬਾਪ ਨੂੰ ਖ਼ਾਬ ਦੱਸੀਉਸਨੂੰ ਖੂਹ ਵਿਚ ਚਾਇ ਉਤਾਰਿਆਈ ॥ ਵਾਰਸਸ਼ਾਹ ਕਾਰੂਨ ਨੂੰ ਸਣੇ ਦੌਲਤ ਹੇਠ ਜ਼ਿਮੀਂ ਦੇ ਚਾਇ ਨਿਘਾਰਿਆਈ ॥

॥ ਕਲਾਮ ਕੁੜੀ ॥

ਚਾਕ ਹੋਇਕੇ ਖੋਲੀਆਂ ਚਾਰੀਆਂਸੀਜਦੋਂ ਉਸਦਾ ਜਿਉ ਤੈਂ ਖੱਸਿਆਈ ॥ ਉਸਦੀ ਨਜ਼ਰ ਦੇ ਸਾਮ੍ਹਣੇ ਖੇਡਦੀ ਸੈਂ ਮੁਲਕ ਉਸਦੇ ਬਾਪ ਦਾ ਵੱਸਿਆਈ ॥ ਆਇਸਾਹੁਰੇਵਹੁਟੜੀਹੋਇ ਬੈਠੀ ਤਦੋਂ ਜਾਇਕੇ ਜੋਗ ਵਿਚ ਧੱਸਿਆਈ॥ ਆਇਆਹੋਇ ਫ਼ਕੀਰ ਮਿਲਣਨ ਲੱਗੀ ਗੜ੍ਹਾ ਉਸਤੇ ਕਹਿਰਦਾਵੱਸਿਆਈ॥ ਪਿਛਾਦੇਹੁਨਾਹੀਂਮਾਰੀ ਜਾਹਿੰਗੀ ਨੀ ਭੇਦਇਸ਼ਕਦਾਆਸ਼ਕਾਂ ਦੱਸਿਆਈ ॥ ਕੀਕੀਤੋਈਧਾਰ ਤੋਂ ਛਪ ਪਈਏਂ ਤਦੋਂ ਮੁਲਕ ਸਾਰਾ ਤੈਨੂੰ ਹੱਸਿਆਈ ॥ ਜਦੋਂ ਮੀਏਂ ਨੇ ਕੂਚ ਦਾ ਹੁਕਮ ਕੀਤਾ ਤੇਗ ਤੇਬਰਾ ਨਫ਼ਰ ਨੇ ਕੱਸਿਆਈ ॥ ਜਦੋਂ ਰੂਹ ਇਕ ਰਾਸ ਇਕਰਾਰ ਕੀਤਾ ਤਦੋਂ ਜਾਇ ਕਲਬੂਤ ਵਿਚ ਧੱਸਿਆਈ॥ ਜੇਹੜੇ ਨਿਵੇਂ ਸੋ ਹੱਕ ਕਲਬੂਤਹੋਏ ਵਾਰਸਸ਼ਾਹ ਨੂੰ ਪੀਰ ਨੇ ਦੱਸਿਆਈ॥

॥ ਕਲਾਮ ਕੁੜੀ ॥

ਰਾਂਝਾ ਵਾਂਗਇਮਾਮਸ਼ਰਾਬੀਆਂਦੇ ਜਦੋਂ ਪਿੰਡਥੀਂ ਹੋਇਕੇ ਹਾਰ ਰਿਹਾ ॥ ਨੈਣਾਂ ਤੇਰਿਆਂ ਜੱਟ ਨੂੰ ਕਤਲ ਕੀਤਾ ਚਾਕਹੋਇਕੇ

ਖਲੀਆਂ ਚਾਰ ਰਿਹਾ ॥ ਤੂੰ ਤਾਂ ਖੇੜਿਆਂਦੀਬਣੀ ਚੌਧਰਾਣੀ ਰਾਂਝਾਰੋਇਕੇ ਟੱਕਰਾਂਮਾਰ ਰਿਹਾ ॥ ਏਥੇ ਕੰਨਪੜਾਇਫ਼ਕੀਰ ਹੋਯਾ ਘੁਤ ਮੁੰਦਰਾਂ ਵਿਚ ਉਜਾੜ ਰਿਹਾ ॥ ਓਹ ਵਣਨ ਨਾ ਮਿਲੇ ਤੂੰ ਸਤਰਖ਼ਾਨੇ ਥੱਕਹੁਟਕੇ ਅੰਤ ਨੂੰ ਹਾਰ ਰਿਹਾ॥ਤੈਨੂੰ ਚਾਕਦੀ ਆਖਦਾ ਜੱਗ ਸਾਰਾ ਤੈਨੂੰ ਏਸਦਾ ਮੇਹਣਾ ਮਾਰ ਰਿਹਾ ॥ ਬਕਰਗੰਜ ਮਸਊਦ ਮਰਦੂਦ ਵਾਂਗੂੰ ਓਹਨਫ਼ਸ ਤੇ ਹਿਰਸ ਨੂੰ ਮਾਰ ਰਿਹਾ ॥ ਸਿੱਧਾਨਾਲ ਤਵੱਕਲੀ ਠੇਹਲਬੇੜਾ ਇਕੇ ਵਿਚ ਡੁਬਾ ਇਕੇ ਪਾਰਰਿਹਾ ॥ ਵਾਰਸਸ਼ਾਹਸੰਭਾਲਦਾ ਤੁਧ ਤਾਈਂ ਅਠੇ ਪਹਰ ਏਹਾ ਕਾਰ ਧਾਰ ਰਿਹਾ ॥

॥ ਕਲਾਮ ਹੀਰ ॥

ਆਕੀ ਹੋਇ ਬੈਠੇ ਅਸੀਂ ਜੋਗੀੜੇ ਤੋਂ ਜਾਇਲਾਇਲੈਜ਼ੋਰਜੋ ਲਾਵਣਾਈਂ॥ ਅਸੀਂ ਹੁਸਨਦੇ ਹੋਇ ਮਗ਼ਰੂਰਬੈਠੇਚਾਰਚਸ਼ਮ ਦਾਕਟਕ ਲੜਾਵਣਾਈਂ॥ ਲੱਖ ਜ਼ੋਰਤੂੰਲਾਇ ਜੋ ਲਗਦਾਈ ਅਸਾਂ ਬੱਧਿਆਂ ਬਾਝ ਨ ਜਾਵਣਾਈਂ ॥ ਸੁਰਮਾਂ ਅੱਖੀਆਂ ਦੇ ਵਿਚਪਾਵਣਾਈਂ ਅਸਾਂ ਵਡਾ ਘੁਮੰਡਜਗਾਵਣਾਈਂ॥ਰੁਖ਼ਸਤ ਦੇਕੇਯਾਰ ਭਰਤਾਰਤਾਈਂ ਸੈਦਾਰਾਂਝੇਦੇਨਾਲਲੜਾਵਣਾਈਂ॥ ਸੀਤਾ ਪੂਜ ਬੈਠਾ ਸੈਦਾ ਵਾਂਗਦਹਿਸਰ ਸੁਇਨ ਲੰਕਨੂੰ ਓਸ ਲੁਟਾਵਣਾਈਂ ॥ ਰਾਂਝੇ ਕੰਨ ਪੜਾਇਕੇ ਜੋਗ ਲੀਤਾ ਅਸਾਂ ਜੋਗਤੇ ਜੇਜੀਆ ਲਾਵਣਾਈਂ ॥ ਵਾਰਸ ਸ਼ਾਹ ਓਹ ਬਾਗ਼ ਵਿਚ ਜਾਇ ਬੈਠਾ ਅਸਾਂ ਬਾਗ਼ ਦਾ ਹਾਸਲ ਪਾਵਣਾਈਂ ॥

॥ ਕਲਾਮ ਸਹੀਆਂ ॥

ਆਕੀ ਹੋਇਕੇ ਖੇੜਿਆਂ ਵਿਚ ਵੜੀਏਂ ਏਸ ਹੁਸਨ ਦਾ ਵਾਰਸੀ
ਜੱਟੀਏਨੀ॥ਪਿੜ੍ਹਾਅੀਤਨੂੰ ਦੇਵਣਾਹੋਇਜਿਸਨੂੰ ਝੂਗਾ ਓਸਦਾ
ਕਾਸਨੂੰ ਪੱਟੀਏਨੀ॥ ਜੇਹੜੇਵੇਖਕੇਮੁਖਨਿਹਾਲਹੋਵਣ ਕੀਜੇ
ਕਤਲ ਨ ਓਹਪਲੱਟੀਏਨੀ॥ ਏਹੁ ਆਸ਼ਕੀਵੇਲਅੰਗੂਰਦੀ
ਹੈ ਮੁੱਢੋਂ ਪਟਕੇ ਮੂਲ ਨ ਸੱਟੀਏਨੀ॥ ਜਿਉਂ ਜਿਉਂ ਕੱਟੀਏ
ਤਿਵੇਂ ਤਿਉਂ ਹੋਇ ਦੂਣਾ ਰੁਤ ਨਾਲ ਜੇ ਓਸ ਨੂੰ ਕੱਟੀਏਨੀ
॥ ਇਹ ਜੋਬਨਾ ਨਿੱਤਨਾਹੋਵਣਾਈ ਛਾਉਂ ਬੱਦਲਾਂਦੀ ਜਾਣ
ਜੱਟੀਏਨੀ॥ਲੈਕੇ ਸੱਠਸਹੇਲੀਆਂ ਨਾਲਬੇਲੇਨਿੱਤਢਾਹੁੰਦੀਸੈਂ
ਉਸਨੂੰਫੱਟੀਏਨੀ॥ਪਿਛਾਨਾਦੀਜੇ ਸੱਚੇ ਆਸ਼ਕਾਂਨੂੰ ਜਿਵੇਂ ਜ਼ਾ-
ਨੀਏਂ ਤਿਵੇਂ ਸੌਕੱਟੀਏਨੀ॥ ਦਾਵੇਬੰਨੀਏਤੇ ਖੜੇਹੋਇਲੜੀਏ
ਤੀਰ ਮਾਰਕੇ ਪਿਛਾਂਨਾ ਹੱਟੀਏਨੀ॥ਝਬਦੇ ਉਠਕੇ ਜਾਇਕੇ
ਹੋਇ ਹਾਜ਼ਰ ਏਸ ਕੰਮ ਵਿਚ ਢਿੱਲ ਨਾ ਘੱਤੀਏਨੀ॥ ਅਠੇ
ਪਹਿਰ ਵਿਸਾਰੀਏਨਹੀਂ ਸਾਹਿਬਕਦੀ ਹੋਸ਼ਦੀਅੱਖ ਪਰੱਤੀਏ
ਨੀ॥ ਜਿਨ੍ਹਾਂ ਕੰਤ ਭੁਲਾਇਆ ਢਾਕਰਾਂ ਨੇ ਲੱਖ ਮੌਲੀਆਂ
ਮਹਿੰਦੀਆਂ ਘੱਤੀਏਨੀ॥ ਮਿਠੀ ਚੋਗ ਚੁਗਾਇਕੇ ਤੋਤੜੇ ਨੂੰ
ਪਿੱਛੋਂ ਕੰਕਰੀ ਰੋੜ ਨ ਘੱਤੀਏਨੀ॥ ਵਾਰਸਸ਼ਾਹ ਨਿਬਾਹੀਏ
ਤੋੜ ਤਾਈਂ ਪ੍ਰੀਤ ਲਾਇਕੇ ਪਿਛਾਂ ਨਾ ਹੱਟੀਏ ਨੀ॥

॥ ਕਲਾਮ ਹੀਰ ॥

ਜਿਵੇਂ ਮੁਰਸ਼ਦਾਂ ਪਾਸਹੀ ਜਾਇ ਤਾਲਬ ਤਿਵੇਂ ਸਹਿਤੀ ਦੇ

ਪਾਸ ਨੂੰ ਹੀਰ ਹੇਰੇ ॥ ਕਰੀਂ ਸਭ ਤਕਸੀਰ ਤ੍ਰੂੰ ਮਾਫ਼ ਸਾਡੀ ਪੈਰੀ ਪਵਾਂ ਤੇ ਮੰਨੀਏ ਨਾਲ ਮੇਰੇ॥ਬਖ਼ਸ਼ੇ ਸਭਗੁਨਾਹ ਖ਼ੁਦਾ ਸੱਚਾ ਬੰਦੇ ਸੱਭਗੁਨਾਹਦੇ ਭਰੇਬੇੜੇ ॥ ਵਾਰਸਸ਼ਾਹ ਮਨਾਵਣਾ ਅਸਾਂ ਆਂਦਾ ਸਾਡੀ ਸੁਲਾਹ ਕਰਾਇ ਦੇ ਨਾਲ ਤੇਰੇ ॥

॥ ਕਲਾਮ ਸਹਿਤੀ ॥

ਸਾਨੂੰ ਕਿਸੇ ਦੇ ਨਾਲ ਕੁਛ ਨਹੀਂ ਮਤਲਬ ਸਿਰੋਪਾਉ ਲੈਕੇ ਖੁਸ਼ੀ ਹੋਰਹੇ ॥ ਲੋਕਾਂ ਮੇਹਣੇਮਾਰ ਬੇਤਾਬਕੀਤਾ ਮਾਰੇ ਸ਼ਰਮ ਦੇ ਅੰਦਰੋਂ ਰੋਇ ਰਹੇ ॥ ਗੁਸੇ ਨਾਲਅਹਿਵਾਲਪੈਗ਼ਾਮਵਾਂਗੂ ਸਾਡੇ ਜਿਗਰਦੇ ਵਿਚਗਡੋਇਰਹੇ ॥ ਨੀਲ ਮੱਟੀਆਂਦੇ ਵਿਚ ਦੇਇਰਹੇ ਲਖਵਾਰਹੀ ਓਨਾਨੂੰ ਧੋਇ ਰਹੇ ॥ ਵਾਰਸਸ਼ਾਹ ਨਾ ਸੜਿਆਂ ਨੂੰ ਰੰਗ ਆਵੇ ਲਖ ਸੂਹੀਆਂ ਵਿਚ ਸਮੋਇ ਰਹੇ ॥

॥ ਕਲਾਮ ਹੀਰ ॥

ਹੀਰਆਣਜਨਾਬਵਿਚਅਰਜ਼ਕੀਤੀਨਿਆਜ਼ਮੰਦੀਆਂ ਬਖ਼ਸ਼ ਮਰਭੂਲੀਆਂਨੀ ॥ ਕੀਤੀ ਤੇਰੀ ਤਕਸੀਰ ਤੇ ਬਖ਼ਸ਼ ਮੈਨੂੰ ਜੋ ਕੁਛ ਆਖ ਸੈਂ ਮੈਂ ਤੇਰੀ ਗੋਲੀਆਂਨੀ॥ਸਾਨੂੰ ਬਖ਼ਸ਼ ਓਹ ਮੇਹਣੇਗਾਲੀਆਨੀਜੋਕੁਛਲੜਦਿਆਂਮੈਂਤੈ ੂ ਬੋਲੀਆਂਨੀ ॥ ਹੱਛੀ ਪੀੜ ਵੰਡਾਵਣੀ ਭੈਣ ਮੇਰੀ ਤੈਥੋਂ ਵਾਰਸੁੱਟੀ ਘੋਲ ਘੋਲੀਆਂ ਨੀ ॥ ਮੇਰਾ ਕੰਮ ਕਰ ਮੁੱਲ ਲੈ ਬਾਝ ਦੰਮਾਂ ਦੂਨਾਂ ਬੋਲਲੈ ਜੋ ਕੁਛਬੋਲੀਆਂਨੀ ॥ ਘਰਬਾਰਤੇ ਮਾਲਸਭਹੁਕਮ ਤੇਰਾ ਸੱਭੇ ਤੇਰੀਆਂ ਵਾਂਹੀਆਂ ਖੋਲ੍ਹੀਆਂ ਨੀ ॥ ਜਿਸਨੇ ਜ਼ਾਤ

ਸਫ਼ਾਤ ਦੇ ਧਰਾਇ ਛੱਡੀ ਮੇਰੇ ਵਾਸਤੇ ਚਾਰੀਆਂ ਖੇਲੀਆਂ ਨੀ ॥ ਮੇਰਾ ਯਾਰ ਆਯਾ ਚਲੋ ਵੇਖ ਆਈਏ ਨਿਤ ਮਾਰਦੀ ਸੈਂ ਪਈ ਬੋਲੀਆਂ ਨੀ ॥ ਜੇਹੜਾ ਮੁੱਢ ਕਦੀਮ ਦਾ ਯਾਰ ਮੇਰਾ ਜਿਸ ਛੇੜੀਆਂ ਕੁਆਰੀਆਂ ਖੇਲ੍ਹੀਆਂ ਨੀ ॥ ਵਾਰਸਸ਼ਾਹ ਗੁਮਾਨ ਦੇ ਨਾਲ ਬੈਠਾ ਨਹੀਂ ਲਦਾ ਮਾਰਿਆ ਬੋਲੀਆਂ ਨੀ ॥

॥ ਕਲਾਮ ਸਹਿਤੀ ॥

ਪਾਇਆ ਲਾਨਤਾਂ ਤਬਕ ਸ਼ੈਤਾਨ ਦੇ ਗਲ ਉਸਨੂੰ ਰਬ ਨਾ ਅਰਸ਼ਤੇ ਚਾੜ੍ਹਨਾਈਂ ॥ ਝੂਠ ਬੋਲਿਆ ਜਿਨ੍ਹਾਂ ਬਿਆਜ ਖਾਧਾ ਤਿਨ੍ਹਾਂ ਵਿਚ ਬਹਿਸ਼ਤ ਨਾ ਵਾੜਨਾਈਂ ॥ ਅਸੀ ਜੀਉਂਦੇ ਮੇਲ ਚੁਕਾਇ ਬੈਠੇ ਵੱਤ ਕਰਾਂ ਨਾ ਸੀਉਨਾ ਪਾੜਨਾਈਂ ॥ ਅਸਾਂ ਮਾਰ ਲੈਤਈ ਅੜਾ ਪਿਟੀਆਂ ਨੂੰ ਚਾੜ੍ਹ ਸੀਖਉ ਤੇ ਜੇ ਤੂੰ ਚਾੜ੍ਹਨਾਈਂ ॥ ਅੱਗੇ ਜੋਗੀ ਤੋਂ ਮਾਰ ਕਰਾਹੀ ਆਈ ਹੁਨ ਹੋਰ ਕੀ ਪੜਤਨਾ ਪਾੜਨਾਈਂ ॥ ਘਰ ਬਾਰ ਤੋਂ ਚਾਇ ਜਵਾਬ ਦਿੱਤਾ ਹੋਰ ਆਖ ਕੀ ਸੱਚ ਨਿਤਾਰਨਾਈਂ ॥ ਤੋਬਾ ਤਰਕ ਜੇ ਮੈਂ ਹੁਨ ਮੂੰਹੋਂ ਬੋਲਾਂ ਨੱਕ ਵੱਢਕੇ ਮਾਰ ਜੇ ਮਾਰਨਾਈਂ ॥ ਮੇਰੇ ਨਾਲ ਨਾ ਵਾਰਸਾ ਬੋਲ ਐਵੇਂ ਮਤਾਂ ਹੋਇ ਜਾਸੀ ਕੋਈ ਕਾਰਨਾਈਂ ॥

॥ ਕਲਾਮ ਹੀਰ ॥

ਆਉ ਸਹਿਤੀਏ ਰੱਬ ਦਾ ਵਾਸਤਾ ਈ ਨਾਲ ਭਾਬੀਆਂ ਦੇ ਮਿੱਠਾ ਬੋਲੀਏ ਨੀ ॥ ਹੋਈਏ ਪੀੜ ਵੰਡਾਵਣੀ ਸੁਧਾਇਆਂ ਦੀ ਜ਼ਹਿਰ ਬਿਸੀਅਰ ਵਾਂਗ ਨਾ ਘੋਲੀਏ ਨੀ ॥ ਕੰਮ ਬੰਦ ਹੋਵੇ ਪਰਦੇਸੀਆਂ

ਦਾ ਨਾਲ ਮੇਹਰਦੇਓਸਨੂੰ ਖੋਲੀਏਨੀ ॥ ਤੇਰੇ ਜੇਹੀ ਨਿਦਾਨ ਹੋਇ ਮੇਲ ਕਰਨੀ ਜਿੰਦ ਜਾਨ ਭੀ ਓਸਤੋਂ ਘੋਲੀਏ ਨੀ ॥ ਜੋਗੀ ਚਲਮਨਾਈਏਬਾਗ਼ਵਿਚੋਂ ਹਥਬੰਨ੍ਹਕੇਮਿਠੜਾ ਬੋਲੀਏ ਨੀ ॥ ਜੋਕੁਛਕਹੇਸੋ ਸਿਰੇਤੇ ਮੰਨਲਈਏ ਗੰਢ ਕੁੜਰਦੀ ਚਾ ਅਜ ਖੋਲ੍ਹੀਏ ਨੀ ॥ ਚੱਲ ਨਾਲ ਮੇਰੇ ਅੱਜ ਭਾਗ ਭਰੀਏ ਮੇਲ ਕਰਨੀਏਂ ਵਿਚ ਵਿਚੋਲੀਏਨੀ ॥ ਜਿਵੇਂ ਮੇਰਾਤੇ ਰਾਂਝੇਦਾ ਮੇਲ ਹੋਵੇ ਖੰਡ ਦੁਧ ਦੇ ਵਿੱਚ ਚਾ ਘੋਲੀਏ ਨੀ ॥

॥ ਕਲਾਮ ਸਹਿਤੀ ॥

ਜਿਵੇਂ ਮੁੱਲਾਂਦੀਕਜ਼ਾ ਨਮਾਜ਼ ਹੁੰਦੀ ਰਾਜ਼ੀਹੋਇ ਇਬਲੀਸਭੀ ਨੱਚਦਾਈ ॥ ਐਵੇਂ ਸਹਿਤੀਦੇ ਜੀਉ ਵਿਚ ਖੁਸ਼ੀ ਹੋਈ ਜੀਉ ਰੰਨਾਂ ਦਾ ਫੁੱਲੜਾ ਕੱਚਦਾਈ ॥ ਜਾਹੁ ਬਖਸ਼ਿਆ ਸਭ ਗੁਨਾਹ ਹੀਰੇ ਤੇਰਾ ਇਸ਼ਕ ਕਦੀਮਦਾ ਸੱਚਦਾਈ ॥ ਸੈਦੇ ਖੇੜੇਨੂੰ ਖ਼ਬਰ ਤਾਂ ਨਹੀਂ ਕਾਈ ਏਥੇ ਨਵਾਂ ਅਖਾੜਾ ਮੱਚਦਾਈ ॥ ਵਾਰਸਸ਼ਾਹ ਚੱਲਯਾਰਮਨਾਇਲਿਆਈਏਤੇਤਕਿਸੇਨੂੰਮੂਲਨਾਦੱਸਦਾਈ ॥

ਕਲਾਮ ਸ਼ਾਇਰ ॥

ਸਹਿਤੀ ਖੰਡ ਮਲਾਈ ਦਾ ਥਾਲ ਭਰਕੇ ਚਾਇ ਕਪੜੇ ਵਿਚ ਲੁਕਾਇਆਈ ॥ ਜੇਹਾ ਵਿਚ ਨਮਾਜ਼ ਵਿਸਵਾਸ ਗੈਬੋਂ ਅਜ਼-ਰਾਈਲ ਬਨਾਇ ਲਿਆਇਆਈ ॥ ਉੱਤੇ ਪੰਜ ਰੁਪੱਯੇ ਮੁ ਹੋਰ ਰੱਖੇ ਜਾਇ ਫ਼ਕਰ ਤੇ ਫੇਰੜਾ ਪਾਇਆਈ ॥ ਜਦੋਂ ਆ-ਉਂਦੀ ਜੋਗੀਨੇ ਓਹ ਡਿੱਠੀ ਮੂੰਹ ਆਪਨਾ ਢਾਭੂਆਇਆਈ ॥

ਅਸਾਂ ਰੂਹ ਬਹਿਸ਼ਤਦੇ ਬੈਠਿਆਂਨੂੰ ਤੇਂਵਾਦੋਜ਼ਖ ਦਾ ਕਿਧਰੋਂ ਆਇਆਈ॥ਤਲਬਮੀਂਹਦੀ ਤੇ ਆਵਰੀ ਸ਼ੇਖੜ ਧਾਰੇ ਆਖ ਕੀ ਤੌਰ ਬਣਾਇਆਈ॥ਸਹਿਤੀ ਬੰਨ੍ਹਕੇ ਹੱਥ ਸਲਾਮਕੀਤਾ ਅੱਗੋਂ ਮੂਲ ਜਵਾਬ ਨਾ ਆਇਆਈ ॥ ਆਮਲ ਚੌਧਰੀਚੋਰ ਤੇ ਜੱਟ ਹਾਕਮ ਵਾਰਸਸ਼ਾਹ ਨੂੰ ਰੱਬ ਵਿਖਾਇਆਈ ॥

॥ ਕਲਾਮ ਜੋਗੀ॥

ਜਦੋਂ ਖ਼ਲਕਪੈਦਾ ਕੀਤੀ ਰੱਬ ਸੱਚੇ ਬੰਦਿਆਂਵਾਸਤੇ ਕੀਤੇਨੀ ਸਭ ਪਸਾਰੇ ॥ ਰੰਨ ਛੇਕਰੀ ਜਿੰਨ ਸ਼ੈਤਾਨ ਰਾਵਲ ਕੱਤਾ ਬੱਕਰੀ ਕੁਕੜੀ ਅੰਠ ਸਾਰੇ॥ ਇਹ ਮੂਲ ਫ਼ਸਾਦ ਦੇ ਹੋਇ ਪੈਦੇ ਜਿਨ੍ਹਾਂ ਸਭੇ ਜਗਤ ਦੇ ਮੂਲ ਮਾਰੇ॥ ਆਦਮ ਕੱਢ ਬਹਿਸ਼ਤ ਤੋਂ ਖ਼ੁਆਰ ਕੀਤਾ ਇਹ ਡਾਇਣਾਂ ਧੁਰੋਂ ਹੀਕਰਨ ਕਾਰੇ ॥ ਏਹ ਕਰਨ ਫ਼ਕੀਰ ਚਾ ਰਾਜਿਆਂ ਨੂੰ ਇਨਾਂ ਰਾਉ ਰਜਾਦੜੇ ਸਿਧ ਮਾਰੇ ॥ ਵਾਰਸਸ਼ਾਹ ਜੋ ਹੁਨਰ ਹੈ ਵਿਚ ਮਰਦਾਂ ਅਤੇ ਮੇਹਰੀਆਂ ਵਿਚ ਨੀ ਐਬ ਭਾਰੇ ॥

॥ ਕਲਾਮ ਸਹਿਤੀ॥

ਸਹਿਤੀਆਖਿਆ ਪੇਟਨੇ ਖ਼ੁਆਰਕੀਤਾ ਕਣਕ ਖਾਇ ਬਹਿਸ਼ਤ ਥੋਂ ਕੱਢਿਆਈ॥ਆਈਮਲਤਾਂ ਜੰਨਤੋਂ ਮਿਲੇ ਧੱਕੇ ਰੱਸਾਆਸ ਉਮੈਦ ਦਾ ਵੱਢਿਆਈ ॥ ਸਗੋਂ ਆਦਮਨੇਹਵਾਨੂੰ ਖ਼ੁਆਰਕੀਤਾ ਸਾਥ ਉਸਦਾ ਇਸ਼ਕ ਨੇ ਛੱਡਿਆਈ॥ਆਖਣ ਏਹਫ਼ਰੇਸ਼ਤੇ ਕਣਕ ਦਾਣੇ ਨਹੀਂ ਖਾਵਦੇ ਮਨੇ ਕਰ ਛੱਡਿਆਈ ॥ ਕਲਾ

ਤਕਰਬਾਹਾਜ਼ਿਹਿੱਸਜਰਤਾ ਨਾਲੋਮੋਰਤੇ ਸੱਪ ਨੂੰ ਕੱਢਿਆਈ
॥ਏਹ ਸਮਝ ਸ਼ੈਤਾਨਭੀਮਰਦ ਹੋਯਾ ਜਿਨ੍ਹਾਂ ਰੂਹਦਾਬੁਰਾਕਰ
ਛੱਡਿਆਈ॥ਫਿਰਨ ਮਾਰਦੇ ਸੇਖ਼ ਹੋ ਤ੍ਰੀਮਤਾਂ ਨੂੰ ਹੱਥਝੂਠਦਾ
ਕਾਸਨੂੰ ਅੱਡਿਆਈ॥ਮਰਦਚੋਰ ਤੇ ਠੱਗ ਜੁਆਰੀਏਨੀਸਾਥ
ਬੁਰੇਦਾਬੁਰੇਨੇ ਲੱਦਿਆਈ॥ਫੁਰਕਾਨਵਿਚਫ਼ਅਨਾਕਿਹੂਰੱਬ
ਕਿਹਾ ਜਦੋਂ ਵਹੀਂ ਰਸੂਲਨੂੰ ਸੱਦਿਆਈ ॥ ਵਾਰਸਸ਼ਾਹ ਸਭ
ਤ੍ਰੀਮਤਾਂ ਖਾਨਰਹਿਮਤਪੈਦਾ ਜਿਨ੍ਹਾਂਜਹਾਨਕਰਛੱਡਿਆਈ॥

॥ ਜਵਾਬ ਜੋਗੀ ॥

ਰੰਨਾਂ ਦਹਿਸਰੇ ਨਾਲ ਜੋ ਦਗ਼ਾ ਕੀਤਾ ਰਾਜੇ ਭੋਜ ਨੂੰ ਦੇਨ
ਲਗਾਮੀਆਂਨੀ॥ਸਿਰਚੱਪ ਨੂੰ ਤੇਸਲਵਾਨ ਦੇਖੋ ਅਤੇਰੰਨਾਂਜੋ
ਕੀਤੀਆਂਖਾਮੀਆਂਨੀ॥ ਮਰਦਹੈਨ ਸੋ ਰਖਦੇ ਹੇਠ ਸੋਟੇਸਿਰ
ਚਾੜ੍ਹੀਆਂਨੀ ਲੋਕਾਂ ਕਾਮੀਆਂ ਨੀ॥ ਜਿਨ੍ਹਾਂ ਨਹੀਂ ਦਾੜ੍ਹੀ ਕੰਨ
ਨਕਪਾਟੇ ਕੌਨਭਰੇਗਾਤਿਨਾਂਦੀਆਂਹਾਮੀਆਂਨੀ॥ਵਾਰਸਸ਼ਾਹ
ਦੇ ਨਾਲ ਜੋ ਹਾਲ ਹੋਯਾ ਸੱਭੇ ਪੇਸ਼ ਤੇਰੇ ਬਦਨਾਮੀਆਂ ਨੀ॥

॥ ਕਲਾਮ ਸਹਿਤੀ ॥

ਜਿਸਮਰਦਨੂੰਸ਼ਰਮਨਾਹੋਇਗ਼ੈਰਤ ਓਨਾਂਮਰਦਾਂਥੋਂਰੰਗੀਆਂ
ਤੀਵੀਆਂਨੀ॥ਜਿਨ੍ਹਾਂਬੋਲਹੋਲੀ ਬਾਤਕਹਿਨਥੋੜੀਸ਼ਰਮਵੰਦ
ਤੇ ਸਤਰਾਂਦੀਆਂਬੀਵੀਆਂਨੀ॥ਇਕ ਹਾਲ ਬੇਹਾਲ ਘਰਬਾਰ
ਅੰਦਰ ਇਕ ਹਾਰਸਿੰਗਾਰ ਵਿਚ ਖੀਵੀਆਂਨੀ ॥ਵਾਰਸਸ਼ਾਹ
ਹਿਯਾਊਦੇ ਨਾਲ ਅੰਦਰਅੱਖੀਂ ਹੇਠਜ਼ਿਮੀਨਦੇਸੀਵੀਆਂਨੀ ॥

॥ ਕਲਾਮ ਜੋਗੀ ॥

ਵਫ਼ਾਦਾਰ ਨ ਰੰਨ ਜਹਾਨ ਅੰਦਰ ਲਾਦੀ ਸ਼ੇਰ ਦੇ ਨੱਕਵਿਚ ਨੱਥ ਨਾਹੀਂ ॥ ਗਧਾ ਨਹੀਂ ਕੁਲੱਦ ਮਣਖੱਟ ਰੋੜਾ ਅਤੇ ਖੁਸਰਿਆਂਦੀ ਕਾਈ ਕੱਥ ਨਾਹੀਂ ॥ ਜੋਗੀ ਨਾਲ ਨਾ ਰੰਨ ਦਾ ਟੁਰੇ ਵੂਨਾਂ ਜ਼ੋਰ ਨੈ ਦਾ ਚੜ੍ਹੇ ਅਗੱਥ ਨਾਹੀਂ ॥ ਨਾਮਰਦਦੀ ਵਾਰ ਨਾ ਕਿਸੇ ਗਾਂਵੀਂ ਅਤੇ ਗਾਹੂੰਆਂਦੀਕਾਈ ਸੱਥ ਨਾਹੀਂ ॥ ਧਾਰੀਸੋਂ ਹਦੀ ਨਹੀਂ ਸੁਹਾਗਣਾਂ ਨੂੰ ਰੰਡੀ ਰੰਨਦੇ ਨੱਕ ਵਿਚ ਨੱਥ ਨਾਹੀਂ ॥ ਵਾਰਸਸ਼ਾਹ ਓਹ ਆਪ ਹੈ ਕਰਨ ਕਾਰਨ ਏਨ੍ਹਾਂ ਬੰਦਿਆਂ ਦੇ ਕੁਛ ਹੱਥ ਨਾਹੀਂ ॥

॥ ਕਲਾਮ ਸਹਿਤੀ ॥

ਮੀਆਂ ਤ੍ਰੀਮਤਾਂ ਨਾਲ ਵਿਆਹ ਸੋਂਹਦੇ ਅਤੇ ਮਰਨ ਦੇ ਸੋਂਹਦੇ ਵੈਣ ਮੀਆਂ ॥ ਘਰ ਬਾਰ ਦੀ ਜ਼ੇਬ ਤੇ ਹੈਨ ਜ਼ੀਨਤ ਨਾਲ ਤ੍ਰੀਮਤਾਂ ਸਾਕ ਤੇ ਸੈਨ ਮੀਆਂ ॥ ਏਹ ਤ੍ਰੀਮਤਾਂ ਸੇਜ ਦੀਆਂ ਵਾਰਸਾਂ ਨੀ ਅਤੇ ਦਿਲਾਂ ਦੀਆਂ ਦੇਣ ਤੇ ਲੈਣ ਮੀਆਂ ॥ ਤ੍ਰੀਮਤ ਵਾਲਿਆਂ ਦੀ ਲੋਕ ਖਾਹਸ਼ ਕਰਦੇ ਨਾਲ ਤ੍ਰੀਮਤਾਂ ਭਾਈ ਤੇ ਭੈਣ ਮੀਆਂ ॥ ਵਾਰਸਸ਼ਾਹ ਏਹ ਮਹਿਰੀਆਂ ਮਹਿਰ ਦੀਆਂ ਨੀ ਅਤੇ ਜੋਰੂਆਂ ਜੋਰ ਦੀਆਂ ਹੈਨ ਮੀਆਂ ॥

॥ ਕਲਾਮ ਜੋਗੀ ॥

ਸੱਚ ਆਖ ਰੰਨੇ ਕੇਹੀ ਧੁੰਮ ਚਾਈ ਆ ਝੜ੍ਹਕੇ ਭੇਜ ਰਾਜਾ ਲੱਭੀਂ ਕੁਵਿਆਜੇ ॥ ਦਹਿਸਿਰ ਮਾਰਿਆ ਘਰੋਂ ਸਭ ਭੇਤ ਦੇਕੇ ਸਕੇ

ਲੈਕਾਂਦੇ ਓਸਨੂੰ ਘੁਟਿਆ ਜੇ ॥ ਕੈਰਵ ਪਾਂਡਵਾਂ ਦੇ ਕਟਕ ਕਈ ਖੂਹਣੀ ਮਾਰੇ ਤੁਸਾਂਦੇ ਜੁੱਧ ਨਿਖੁਟਿਆ ਜੇ ॥ ਇਮਾਮ ਕਤਲ ਹੋਏ ਕਰਬਲਾ ਅੰਦਰਮਾਰਦੀਨਦੇ ਵਾਰਸਾਂ ਸੁਟਿਆ ਜੇ ॥ ਜੇ ਕੋਈ ਸ਼ਰਮ ਹਯਾਉਦਾ ਆਦਮੀ ਸੀ ਮਾਲ ਜਾਨਤੋਂ ਓਸਨੂੰ ਘੁਟਿਆ ਜੇ ॥ ਵਾਰਸਸ਼ਾਹ ਫ਼ਕੀਰ ਤਾਂ ਨੱਸ ਆਇਆ ਪਿੱਛਾ ਏਸਦਾ ਆਣ ਕਿਉਂ ਘੁਟਿਆ ਜੇ ॥

॥ ਕਲਾਮ ਸਹਿਤੀ ॥

ਤੈਨੂੰ ਵਡਾ ਹੰਕਾਰ ਹੈ ਜੋਬਨੇ ਦਾ ਖ਼ਾਤਰ ਤਲੇ ਨ ਕਿਸੇ ਨੂੰ ਲਿਆਵਨਾ ਹੈਂ ॥ ਜਿਨ੍ਹਾਂ ਜਾਇਓਂ ਤਿਨ੍ਹਾਂਦੇ ਨਾਮ ਰਖੇਂ ਵਡਾ ਆਪਨੂੰ ਗੌਂਸ ਕਹਾਵਨਾ ਹੈਂ॥ ਹੋਵਨਭੂਮਿਤਾਂ ਨਹੀਂ ਤਾਂ ਜਗ ਮੁੱਕੇ ਵਤ ਕਿਸੇ ਨਾ ਜਗ ਤੇ ਆਵਨਾ ਹੈਂ ॥ ਕਰਾਮਾਤ ਅਸਾਂ ਤੇਰੀ ਢੂੰਡ ਡਿੱਠੀ ਐਵੇਂ ਸ਼ੇਖੀਆਂ ਪਿਆਵਿਖਾਵਨਾਹੈਂ॥ ਅਸਾਂ ਡਿਠੀਆਂ ਘਲਸਦਾਇਆਹੈਂ ਸਾਥੋਂ ਆਪਣਾਆਪ ਛਪਾਵਨਾ ਹੈਂ ॥ ਕਾਕ ਬਾਗ ਵਿੱਚੋਂ ਕਢਵਾਇ ਛੱਡੂ ਹੁਣ ਹੋਰ ਕੀ ਮੂੰਹੋਂ ਅਖਾਵਨਾ ਹੈਂ ॥ ਅੰਨ ਖਾਂਵਦਾਰਜਕੇ ਗਧੇ ਵਾਂਗੂੰਕਦੇ ਸ਼ੁਕਰ ਬਜਾਇ ਨ ਲਿਆਵਨਾ ਹੈਂ ॥ ਨੰਗੇ ਵਰਜ ਤੇ ਵਡਾ ਵਧਾਉ ਕਰਕੇ ਪੋਸਤੀਨ ਨੂੰ ਲਾਇ ਪਲਮਾਂਵਨਾ ਹੈਂ ॥ ਛਡ ਬੰਦਗੀ ਚੋਰਾਂ ਦ ਫੜੇ ਚਾਲੇ ਵਾਰਸਸ਼ਾਹ ਫਕੀਰ ਸਦਾਵਨਾ ਹੈਂ ॥

॥ ਕਲਾਮ ਜੋਗੀ ॥

ਜਾਗ ਛੱਡ ਗਏ ਗੋਪੀਚੰਦ ਜੇਹੇ ਸਭ ਦਫ਼ਤਰੋਂ ਲੇਖਾ ਚੁਕਾਇ

ਗਿਆ॥ਨੌਸ਼ੇਰਵਾਂ ਛਡ ਬਗਦਾਦ ਤੁਰਿਆ ਓਹ ਅਪਨੀ ਵਾਰ ਲੰਘਾਇ ਗਿਆ॥ਫਿਰਔਨ ਖ਼ੁਦਾਇ ਕਹਾਇਕੇ ਤੇ ਮੂਸੇਨਾਲ ਖਮੈਂਡ ਜਗਾਇ ਗਿਆ॥ਨਮਰੂਦ ਸ਼ਦਾਦ ਜਹਾਨ ਰੂਤੇ ਦੋਜ਼ਖ਼ ਅਤੇ ਬਹਿਸ਼ਤ ਬਨਾਇਗਿਆ ॥ ਆਦਮ ਛਡ ਬਹਿਸ਼ਤ ਦੇ ਬਾਗ਼ ਨੱਠਾ ਭੋਲ ਵਿਸਰੇ ਕਨਕ ਨੂੰ ਖਾਇ ਗਿਆ॥ਕਾਰੂੰਜ਼ਰ ਅਕੱਠਿਆਂ ਮੇਲਕੇ ਤੇ ਬੰਨ੍ਹ ਸਿਰੇ ਨਾ ਪੰਡ ਉਠਾਇ ਗਿਆ ॥ ਮਾਲਦੌਲਤਾਂ ਹੁਕਮਤੇਸ਼ਾਨ ਸ਼ੌਕਤਮਹਿਖਾਸਰੋਂ ਇੰਦ੍ਰਲੁਟਾਇ ਗਿਆ॥ਸਿਲੇਮਾਨਸਿਕੰਦਰ ਤੇ ਮੋਏਸੱਭੇ ਸਾਰੇਜਗਤੇ ਹੁਕਮ ਚਲਾਇ ਗਿਆ॥ਓਹਭੀ ਏਸ ਜਹਾਨ ਤੇ ਰਹੇ ਨਾਂਹੀਂ ਜੇਹੜਾ ਆਪ ਖ਼ੁਦਾਇਕਹਾਇ ਗਿਆ॥ ਮਾਇਆਬਕਤਨਸ਼ਰਜੇਹੜਾ ਚੜ੍ਹ ਚੌਲੇ ਸੱਚੇ ਰੱਬ ਨੂੰ ਤੀਰ ਚਲਾਇ ਗਿਆ ॥ਤੇਰੇ ਜੇਹੀਆਂ ਕੇਤੀਆਂ ਹੋਇ ਗਈਆਂ ਤੈਨੂੰ ਚਾਇ ਕੀ ਬਾਗ਼ ਦਾ ਆਇ ਗਿਆ ॥ ਵਾਰਸਸ਼ਾਹ ਹਰਿ ਆਪ ਹੈ ਕਰਨ ਕਾਰਨ ਵਾਰੀ ਆਪਣੀ ਸਭ ਲੰਘਾਇ ਗਿਆ ॥

॥ ਕਲਾਮ ਸਹਿਤੀ ॥

ਪੰਡ ਝਗੜਿਆਂਦੀਕੇਹੀ ਲਾਇਬੈਠੋਂ ਵਡਾ ਮਸਖਰਾਏਂ ਗੁੜ੍ਹਾ ਬਾਵਲਾ ਵੇ॥ਤੇਰੇ ਵਾਸਤੇ ਅਸਾਂ ਰਸਾਲ ਆਂਦੀ ਭਲਾਦੱਸਖਾਂ ਏਹ ਕੀ ਰਾਵਲਾ ਵੇ॥ਉੱਤੇ ਰੱਖਿਆ ਕੀ ਹੈ ਨਜ਼ਰ ਤੇਰੀ ਗਿਨੇਂਆਪਨੂੰ ਬਹੁਤ ਚਤਰਾਵਲਾ ਵੇ॥ ਕੀ ਰੋਕ ਹੈ ਕਾਸਦਾ ਏਹ ਬਾਸਨ ਸਾਨੂੰ ਦੱਸਖਾਂ ਸੋਹਣਿਆਂ ਸਾਵਲਾ ਵੇ॥ ਦੱਸੇ

ਬਿਨਾਂ ਨਾ ਜਾਪਦੀ ਜ਼ਾਤਤੇਰੀ ਬਿਨਾਂਛਿੜੇ ਨਬੀਂ ਵਦੇਸ਼ਾਵਲਾ ਵੇ॥ਸਹਿਜ ਨਾਲ ਸਭ ਕੰਮ ਫਿਰ ਰਾਸ ਹੋਵਨ ਵਾਰਸਸ਼ਾਹ ਨਾ ਥੀਉ ਉਤਾਵਲਾ ਵੇ ॥

॥ ਕਲਾਮ ਜੋਗੀ ॥

ਕਰਾਮਾਤ ਹੈ ਕਹਿਰ ਦਾ ਨਾਉਂ ਰੰਨੇ ਕੇਹਾ ਘੱਤਿਆ ਆਨ ਵਿਸੂਰਿਆਈ॥ ਕਰੇਂ ਛਾਵੜਾਂਝਗੜਿਆਂਨਾਲ ਮਸਤੀ ਅੱਜ ਲੀਕ ਅਜ਼ਾਣ ਨੂੰ ਘੂਰਿਆਈ ॥ ਫਕਰ ਆਖਸਨ ਸੋਈ ਕੂੜ ਰੱਬ ਕਰਸੀ ਐਵੇਂ ਜੋਗੀਆਂ ਨੂੰ ਚਾ ਵਿਛੂਰਿਆਈ॥ਉਤੇਪੰਜ ਪੈਸੇ ਨਾਲ ਰੋਕ ਰਖੇ ਖੰਡ ਚਾਵਲਾਂ ਦਾ ਥਾਲ ਪੂਰਿਆਈ ॥ ਵਾਰਸਸ਼ਾਹ ਏਹ ਕੰਮਹੈ ਬੰਦਗੀਦਾ ਸ਼ੀਸ਼ਾ ਅਕਲ ਸ਼ਹੂਰਦਾ ਚੂਰਿਆਈ ॥

॥ ਕਲਾਮ ਸਹਿਤੀ ॥

ਅੰਨ੍ਹਾਂਬਾਜ਼ਛੁਟਾਮਗਰਤਿੱਤ੍ਰਾਂਦੇਜਾਦੇਮਰਿਆਵਾਂਦਪਤਾਲੂਆਂ ਨੂੰ॥ ਅੰਨ੍ਹਾ ਘੱਲਿਆ ਅੰਬ ਅਨਾਰ ਤੋੜਨ ਜਾਇ ਲਗਾ ਹੈ ਖੋਹਣ ਕਚਾਲੂਆਂ ਨੂੰ॥ ਭੇਜਿਆਫੁਲ ਗੁਲਾਬ ਦਾ ਤੋੜਨੇਨੂੰ ਜਾਇ ਤੋੜਦਾ ਤੂਤ ਸੰਭਾਲੂਆਂ ਨੂੰ ॥ ਅੰਨ੍ਹਾਂ ਮੋਹਰੀ ਲਾਈਏ ਕਾਫ਼ਲੇ ਦਾ ਲੁਟਵਾਇਆ ਸਾਥ ਦੇ ਚਾਲੂਆਂ ਨੂੰ ॥ ਖਬਰ-ਪੁਨੇ ਦੇ ਚਾਲੇ ਕੀ ਕਰਨ ਲੱਗੋਂ ਅਸਾਂ ਡਾਢਿਆਂ ਕੇਡਿਆਂ ਚਾਲੂਆਂ ਨੂੰ ॥ ਵਾਰਸ ਸ਼ਾਹ ਤੰਦੂਰ ਵਿਚ ਦੱਬ ਬੈਠਾ ਕਮਲਾ ਭੇਜਿਆ ਰੰਗਣੇ ਸਾਲੂਆਂ ਨੂੰ ॥

॥ ਕਲਾਮ ਜੋਗੀ ॥

ਜਾਹੁ ਖੋਲ੍ਹਕੇ ਵੇਖਲੈ ਸਿਦਕ ਆਵੀ ਕੇਹਾ ਸ਼ੱਕਦਿਲ ਆਪਣੇ ਪਾਇਓਈ ॥ ਕਹਿਆ ਅਸਾਂ ਜੋ ਰੱਬ ਤਹਕੀਕ ਕਰਸੀ ਕੇਹਾ ਆਣਕੇ ਮਗ਼ਜ਼ ਖਪਾਇਓਈ ॥ ਜਾਇ ਵੇਖ ਵਸਵਾਸ ਜੋ ਦੂਰ ਹੋਵੀ ਕਿਹਾ ਆਨਕੇ ਰਾੜ ਮਚਾਇਓਈ ॥ ਸ਼ੱਕ ਮਿਟੇ ਜਾਂ ਥਾਲ ਨੂੰ ਖੋਲ੍ਹ ਡਿੱਠਾ ਏਥੇ ਮਕਰ ਕੀ ਆਨ ਜਗਾਇ-ਓਈ ॥ ਵਾਰਸਸ਼ਾਹ ਖ਼ੁਦਾਇ ਦੀ ਜ਼ਾਤ ਜੋਗੀ ਜਿਸ ਨੇ ਸਹਿਤੀ ਨੂੰ ਪਤਾ ਦਿਖਾਇਓਈ ॥

॥ ਕਲਾਮ ਸ਼ਾਇਰ ॥

ਸਹਿਤੀ ਖੋਲ੍ਹਕੇ ਥਾਲ ਜਾਂ ਧਿਆਨ ਕੀਤਾ ਖੰਡ ਚਾਵਲਾਂ ਦਾ ਥਾਲ ਹੋਇ ਗਿਆ॥ ਛੁੱਟਾ ਤੀਰ ਫ਼ਕੀਰ ਦੀ ਮੰਜਵਾਲਾ ਵਿਚੋਂ ਫ਼ਕਰ ਦਾ ਜੀਉ ਪਰੋਇ ਗਿਆ ॥ ਜੇਹੜਾ ਚਲਿਆ ਨਿਕਲ ਯਕੀਨ ਆਹਾ ਕਰਾਮਾਤ ਨੂੰ ਵੇਖ ਖਲੋਇ ਗਿਆ ॥ ਗਰਮ ਗ਼ਜ਼ਬਦੀ ਆਤਸ਼ੋਂ ਆਬ ਅੱਗੇ ਵਾਂਗ ਬਰਫ਼ ਓਹ ਸੀਤਲ ਹੋਇਗਿਆ॥ ਜਿਸ ਨਾਲਫ਼ਕੀਰਦੇ ਅੜੀ ਬੱਧੀ ਓਹ ਆਪਣਾ ਆਪ ਵਿਗੋਇ ਗਿਆ ॥ ਐਵੇਂ ਡਾਢਿਆਂ ਲਿਸਿਆਂ ਜ਼ੋਰ ਕੇਹਾ ਉਸ ਖੋਹ ਲਿਆ ਓਹ ਰੋਇ ਪਿਆ॥ ਮਰਨ ਵਕਤ ਹੋਇਆ ਸੱਭੇ ਖ਼ਤਮ ਲੇਖਾ ਕੂੜ ਜੀਮਿਆ ਹੋਂਵਣੀ ਛੋਹ ਗਿਆ ॥ ਵਾਰਸਸ਼ਾਹ ਜੋ ਕੀਮੀਆ ਨਾਲ ਛੂਹਾ ਸੋਨਾ ਤਾਂਬਿਓਂ ਤੁਰਤ ਹੀ ਹੋਇ ਗਿਆ ॥

॥ ਕਲਾਮ ਸਹਿਤੀ ॥

ਹੱਥ ਬੰਨ੍ਹਕੇ ਬੇਨਤੀ ਕਰੇ ਸਹਿਤੀ ਦਿਲ ਜਾਨ ਥੀਂ ਚੇਲੜੀ
ਤੇਰੀਆਂ ਮੈਂ॥ਕਰਾਂ ਬਾਂਦੀਆਂਵਾਂਗ ਬਜਾਇਖ਼ਿਦਮਤ ਨਿੱਤ
ਪਾਂਵਦੀ ਰਹਾਂਗੀ ਫੇਰੀਆਂ ਮੈਂ॥ਪੀਰਸੱਚਦਾ ਅਸਾਂ ਤਹਕੀਕ
ਕ।ਤਾ ਬਿਨਾ ਦੰਮਾਂ ਦੇ ਬਰਦੀਆਂ ਤੇਰੀਆਂ ਮੈਂ॥ ਕਰਾਮਾਤ
ਤੇਰੀ ਉੱਤੇ ਸਿਦਕ ਕੀਤਾ ਤੇਰੇ ਹੁਕਮਦੇ ਕਸਬਨੇ ਘੇਰੀਆਂ
ਮੈਂ॥ਸਾਡੀ ਜਾਨਤੇ ਮਾਲਤੇ ਹੀਰ ਤੇਰੀਨਾਲੇ ਸਣੇ ਸਹੇਲੀਆਂ
ਤੇਰੀਆਂ ਮੈਂ॥ਅਸਾਂਕਿਸੇ ਦੀ ਗੱਲਨਾ ਕਦੀ ਮੰਨੀਤੇਰੇ ਇਸਮ
ਆਜ਼ਮ ਹਬ ਹੇਰੀਆਂ ਮੈਂ॥ ਇਕ ਫ਼ਕਰ ਅੱਲਾਹ ਦਾ ਰੱਖ
ਤਕਵਾ ਹੋਰਵਾਹਬੈਠੀਸਭ ਵੇਰੀਆਂ ਮੈਂ॥ਪੂਰੀਨਾਲ ਹਿਸਾਬ
ਨਾ ਹੋਇ ਸੱਕਾਂ ਵਾਰਸਸ਼ਾਹ ਕੀ ਕਰਾਂਗੀ ਫੇਰੀਆਂ ਮੈਂ॥

॥ ਕਲਾਮ ਜੋਗੀ ॥

ਘਰ ਆਪਣੇ ਵਿੱਚ ਵਿਚਾਰ ਕਰਕੇ ਆਖ ਨਾਗਣੀ ਵਾਂਗਕੀ
ਸ਼ੂਕੀਏਂ ਨੀ॥ਜਦੋਂ ਹਾੜਚੜ੍ਹੇਖੱਕ ਹੁਟਰਹੇ ਜ਼ਾਇ ਪਿੰਡਦੀਆਂ
ਰੰਨਾਂ ਤੇ ਕੂਕੀਏਂ ਨੀ॥ਕਢੇਂ ਗਾਲੀਆਂਸਣੇ ਰਵੇਲਬਾਂਦੀਪਿੰਨ
ਮੋਚਲੀਆਂ ਅਸਾਂ ਤੇ ਘੂਕੀਏਂ ਨੀ॥ ਭਲੋ ਭਲੀ ਜਾਂ ਡਿੱਠੀਆਂ
ਆਸ਼ਕਾਂਦੀ ਵਾਂਗ ਰੱਤੀਆਂ ਅੰਤ ਨੂੰ ਚੂਕੀਏਂ ਨੀ॥ਵਾਰਸਸ਼ਾਹ
ਥੀਂ ਪੁਛਲੈ ਬੰਦਗੀਨੂੰ ਰੂਹ ਸਾਜ਼ ਕਲਬੂਤ ਵਿਚ ਫੂਕੀਏਂ ਨੀ॥

॥ ਕਲਾਮ ਸਹਿਤੀ ॥

ਸਾਨੂੰ ਬਖਸ਼ ਅਲਾਹ ਦੇ ਨਾਮ ਮੀਆਂ ਸਾਥੋਂ ਭੁਲਿਆਂ ਏਹ

ਗੁਨਾਹਹੋਇਆ ॥ ਕੱਚਾ ਸ਼ੀਰ ਪੀਤਾ ਬੰਦਾ ਸਦਾ ਭੁਲੇ ਧੁਰੋਂ ਆਦਮੋਂ ਭੁਲਣਾ ਰਾਹੁ ਹੋਇਆ ॥ ਆਦਮ ਭੁਲਕੇ ਕਣਕ ਨੂੰ ਖਾਇ ਬੈਠਾ ਕੱਢ ਜੰਨਤੋਂ ਹੁਕਮ ਫਨਾਹ ਹੋਇਆ ॥ ਸ਼ੈਤਾਨ ਉਸਤਾਦ ਫਰਿਸ਼ਤਿਆਂਦਾ ਭੁਲਸਿਜਦਿਓਂ ਕਿਬਰਦੇ ਰਾਹ ਹੋਇਆ ॥ ਮੁੱਢੋਂ ਰੂਹਹੀ ਕੌਲ ਦੇ ਨਾਲ ਫੜਿਆ ਜੇੜ੍ਹਾ ਛੱਡਕੇ ਅੰਤ ਫਨਾਹ ਹੋਇਆ ॥ ਕਾਰੂੰ ਭੁਲ ਜ਼ਕਾਤਥੀਂ ਸੂਮ ਹੋਇਆ ਵਾਰਦ ਓਸ ਤੇ ਕਹਰ ਅਲਾਹ ਹੋਇਆ ॥ ਭੁੱਲ ਜ਼ਿਕਰੀਏ ਲਈਪਨਾਹ ਹੇਜ਼ਮ ਆਰੀਨਾਲ ਓਹ ਚੀਰ ਦੁਰਾਹ ਹੋਇਆ ॥ ਅਮਲ ਬਾਝ ਦਰਗਾਹ ਵਿਚ ਪੌਨ ਪੌਲੇ ਲੋਕਾਂਵਿੱਚਮੀਆਂ ਵਾਰਸਸ਼ਾਹ ਹੋਇਆ ॥

॥ ਕਲਾਮ ਜੋਗੀ ॥

ਘਰ ਪੇਓਕੇ ਵਛੀਹਦਾਤੈਨੂੰਦੇਵੇਂ ਛਿੱਬੀਆਂ ਨਾਲ ਅੰਗੂਠਿਆਂ ਦੇ ॥ ਜੇ ਤੂੰ ਮਾਰਿਆ ਅਸਾਂਨੇਘੁਟਕੀਤਾਨਹੀਂ ਜਾਨਦੀ ਦਾਉ ਨੂੰ ਘੂਠਿਆਂ ਦੇ ॥ ਜੱਟੀ ਹੋ ਫ਼ਕੀਰਾਂ ਦੇ ਨਾਲ ਲੜੀਏਂ ਫੈਨਾਂ ਭੇੜਿਆਈ ਨਾਲਨੂਠਿਆਂਦੇ॥ ਸਾਨੂੰ ਬੋਲੀਆਂਮਾਰਕੇਨਿੰਦਦੀ ਸੈਂ ਧਮੁਨ ਡਿੱਠੇਨੀਵੁਕੜਿਆਂ ਜੂਠਿਆਂਦੇ ॥ ਆਖਰ ਸੱਚਦਾ ਸੱਚਹੀਨਿੱਤਰੇਗਾਕੋਈਦੇਸਨਾਵੱਸਦੇਝੂਠਿਆਂਦੇ॥ ਵਾਰੇਸ਼ਾਹ ਫਕੀਰਨੂੰ ਛੇੜਦੀਸੈਂ ਡਿੱਠੇ ਮੋਜਜ਼ੇ ਇਸ਼ਕ ਦੇ ਲੂਠਿਆਂਦੇ ॥

॥ ਕਲਾਮ ਸ਼ਾਇਰ ॥

ਬਰੇ ਜਿਨ੍ਹਾਂ ਦੀਆਂ ਰੱਬ ਹਿਮਾਇਤਾਂਨੀ ਹੱਕ ਤਿਨ੍ਹਾਂਦਾ ਖੂਬ

ਮਾਲੂਮ ਕੀਤਾ ॥ ਜਦੋਂ ਬਜੁਰਗਾਂ ਨੇ ਆਨ ਸੁਆਲ ਕੀਤਾ ਤਦੋਂ ਭੇਦ ਦੇਖੰਡ ਰਸੂਲ ਕੀਤਾ ॥ ਰੱਬ ਜਿਨ੍ਹਾਂ ਤੇ ਆਪ ਦਿਆਲਹੋਵੇ ਕੰਮਤਿਨ੍ਹਾਂਵਾਸਤੇ ਮਾਕੂਲਕੀਤਾ ॥ ਵਾਰਸਸ਼ਾਹ ਨੇ ਕਸਬਦਿਖਾਇਦਿੱਤਾ ਤਦੋਂ ਜੱਟੀਨੇਫਕਰਕਬੂਲਕੀਤਾ ॥

॥ ਕਲਾਮ ਜੋਗੀ ॥

ਫਿਰੇਂ ਜੋਸ਼ਦੀ ਭਰੀਤੇ ਸ਼ਾਨ ਚੜ੍ਹੀ ਆਉ ਟਲੀਂਨੀ ਮੁੰਡੀਏ ਵਾਸਤਾਨੀ ॥ ਮਰਦਮਾਰ ਮੁਰੱਕਨੇ ਜੰਗਬਾਜੇ ਮਾਣਮੱਤੀਏ ਗੁੰਡੀਏ ਵਾਸਤਾਨੀ ॥ ਬਖਸ਼ੇ ਰੱਬ ਗੁਨਾਹ ਤਕਸੀਰ ਤੇਰੀ ਲਿਆਵੀਂਹੀਰਨੂੰਨੱਢੀਏਵਾਸਤਾਨੀ॥ਵਾਰਸਸ਼ਾਹ ਸਮਝਾਇ ਜਟੇਟੜੀ ਨੂੰ ਲਾਹ ਦਿਲੇ ਦੀ ਘੁੰਡੀਏ ਵਾਸਤਾ ਨੀ ॥

॥ ਕਲਾਮ ਸਹਿਤੀ ॥

ਜੇਕੁਛਤੁਸੀਫ਼ਰਮਾਓਸੋਜਾਇਆਖਾਂ ਤੇ ਹੁਕਮਦੀ ਤਾਬਿਆ ਹੋਈਆਂ ਮੈਂ ॥ ਤੇਰੀ ਪਾਕ ਜੁਬਾਨ ਦਾ ਹੁਕਮ ਲੈਕੇ ਕਾਸਦ ਹੋਇਕੇਜਾਇਖਲੋਈਆਂਮੈਂ ॥ ਦੇਵਾਂਹਾਲਸੁਣਾਇ ਸਭ ਹੀਰ ਤਾਈਂ ਮਹੀਂਤੇਰੀਆਂਰੱਜਕੇਚੋਈਆਂਮੈਂ ॥ ਵਾਰਸਸ਼ਾਹਮੀਆਂ ਤੂੰ ਤਾਂ ਸਾਡ਼ ਕੀਤੀ ਵੇਰ ਨਹੀਂ ਕਰਾਂ ਬਦਖੋਈਆਂ ਮੈਂ ॥

॥ ਕਲਾਮ ਜੋਗੀ ॥

ਲਿਆਓ ਹੀਰ ਸਿਆਲ ਕੋ ਦੀਦ ਕਰੀਏ ਮਿਲ ਜਾਹੁ ਓ ਦਿਲਬਰਾ ਵਾਸਤਾਈ॥ਜਾ ਕੇਆਖ ਰਾਂਝਾ ਤੈਨੂੰ ਅਰਜ ਕਰਦਾ ਜ਼ਾਕਲਾਹ ਓ ਦਿਲਬਰਾ ਵਾਸਤਾਈ ॥ ਸਦਕਾ ਸੈਦੇ ਦੇ ਨਵੇਂ

ਪਿਆਰ ਵਾਲੀ ਮਿਲ ਜਾਹ ਓ ਦਿਲਬਰਾ ਵਾਸਤਾਈ ॥ਸਾਨੂੰ ਮੇਹਰ ਦੇ ਨਾਲ ਦਿਖਾਇ ਸੂਰਤ ਘੁੰਡ ਲਾਹ ਓ ਦਿਲਬਰਾ ਵਾਸਤਾਈ ॥ ਜ਼ੁਲਫਾਂ ਨਾਗ ਵਾਂਙੂੰ ਵਲ ਪਾਇ ਬੈਠੀ ਗਲੋਂ ਲਾਹ ਓ ਦਿਲਬਤਾ ਵਾਸਤਾਈ ॥ ਦਿਨੇ ਰਾਤ ਨ ਜੋਗੀਨੂੰ ਟਿਕਨ ਦੇਂਦੀ ਤੇਰੀ ਚਾਹ ਓ ਦਿਲਬਰਾ ਵਾਸਤਾਈ ॥ਲੋਹੜ ਲੁਟਿਆ ਨੈਨਾਂ ਦੀ ਝਾਕ ਦੇਕੇ ਲੁੜ੍ਹ ਜਾਹ ਓ ਦਿਲਬਰਾ ਵਾਸਤਾਈ ॥ ਗਲ ਪੱਲੜਾ ਇਸ਼ਕਦੇ ਕੁਠਿਆਂਦਾ ਮੂੰਹ ਘਾਹ ਓ ਦਿਲਬਰਾ ਵਾਸਤਾਈ॥ ਵਾਰਸਸ਼ਾਹ ਨਿਆਜ਼ ਦਾ ਕਰਜ਼ ਭਾਰਾ ਸਿਰੋਂ ਲਾਹਓ ਦਿਲਬਰਾ ਵਾਸਤਾਈ ॥

॥ ਕਲਾਮ ਸਹਿਤੀ ॥

ਲੈਕੇ ਸੋਹਣੀ ਮੋਹਣੀਇੰਦਰਾਣੀ ਮਿਰਗ ਨੈਣੀਨੂੰ ਜਾਇ ਕੇ ਘੱਲਨੀਹਾਂ ॥ਤੇਰੀਆਂ ਵੇਖਕੇ ਅਜਮਤਾਂ ਪੀਰੀਆਂਨੂੰ ਬੰਦੀ ਹੋਇਕੇ ਘਰਾਂਨੂੰ ਚੱਲਨੀਹਾਂ ॥ ਪੀਰੀ ਪੀਰਦੀ ਦੇਖ ਮੁਰੀਦ ਹੋਈ ਤੈਂਡੇ ਪੈਰਾਂ ਨੂੰ ਆਣਕੇ ਮਲਨੀਹਾਂ॥ਮੈਨੂੰਬਖ਼ਸ਼ਮੁਰਾਦ ਲੋਚਸਾਈਆਂਨੇਕੀਤੇਰੀਆਂਸਿਰੇਤੇਝੱਲਨੀਹਾਂ ॥ ਵਾਰੇਸ਼ਾਹ ਕਰਤਰਕਬੁਰਿਆਈਆਂਥੋਂ ਦਰਬਾਰਅਲਾਹਦਾਮੱਲਨੀਹਾਂ ॥

॥ ਪੈਗ਼ਾਮ ਦੇਣਾ ਸਹਿਤੀ ਦਾ ਹੀਰ ਨੂੰ ॥

ਸਹਿਤੀ ਜਾਇਕੇ ਹੀਰਦੇ ਪਾਸ ਬਹਿਕੇ ਭੇਦ ਯਾਰ ਦਾ ਸਭ ਸਮਝਾਇਆਈ॥ਜਿਹਨੂੰ ਮਾਰਕੇ ਘਰੋਂ ਫ਼ਕੀਰਕੀਤੋ ਓਹਤਾ ਜੋਗੀਫ਼ਬਣਕੇਆਇਆਈ ॥ਓਹਨੂੰਠੱਗਕੇਮਹੀਂ ਚਰਾਈਆਂ

ਨੀ ਏਥੇ ਆ ਉਸ ਰੰਗ ਵਟਾਇਆਈ ॥ ਤੇਰੇ ਦਰਸ ਪਿਛੇ ਉਸ ਜੋਗ ਲੀਤਾ ਦਿਲੋਂ ਉਸਨੂੰ ਚਾਇਭੁਲਾਇਆਈ ॥ ਓਹ ਨੂੰ ਦੋਹਾਂ ਜਹਾਨਾਂਥੀਂ ਦੇ ਧੱਕੇ ਆਪ ਵਹੁਟੜੀਆਇ ਸਦਾ-ਇਆਈ॥ ਓਸਨੂੰ ਦੇ ਦੀਦਾਰ ਤੇ ਕਰੀਂ ਰਾਜ਼ੀ ਜਿਹਨੂੰ ਜੋਗੀੜਾਆਖਬਨਾਇਆਈ ॥ ਕੀਤੇ ਕੌਲ ਇਕਰਾਰ ਵਿਸਾਰ ਸਾਰੇ ਆਣ ਸੈਦੇਨੂੰ ਕੰਤ ਬਣਾਇਆਈ ॥ ਮੇਰੀ ਗੱਲ ਦਾ ਠੀਕ ਯਕੀਨ ਰਖੀਂ ਓਹਦੀ ਆਹਨੇ ਤੈਨੂੰ ਮੁਕਾਇਆਈ ॥ ਵਡਾ ਜ਼ੋਹਦ ਕੀਤਾ ਮਿਲੇ ਪੀਰ ਪੰਜੇ ਮੈਨੂੰ ਕਸਬ ਹੀ ਜੋਗ ਦਿਖਾਇਆਈ ॥ ਦੇਣੇਦਾਰ ਮਵਾਸ ਹੋ ਆਣ ਬੈਠਾ ਲਹਿਣੇ ਦਾਰ ਮੂੜ ਅੱਕਕੇ ਆਇਆਈ ॥ ਗਾਲ੍ਹਾਂ ਦੇਇਕੇ ਵੇਹੜਿਓਂ ਕੱਢ ਦਿੱਤਾ ਨਾਲੇ ਮੁਹਲੀਆਂ ਨਾਲ ਕੁਟਵਾਇਆਈ ॥ ਹੋ ਜਾਏਂ ਨਿਹਾਲ ਜਾਂ ਕਰੇਂ ਜ਼ਿਆਰਤ ਤੈਨੂੰ ਬਾਗ਼ ਵਿਚ ਓਸ ਬੁਲਾਇਆਈ ॥ ਜ਼ਿਆਰਤ ਮਰਦ ਕਿ ਫ਼ਾਇਦਾ ਹੋਇ ਜਾਸੀ ਨੂਰ ਫ਼ਕਰ ਦਾ ਦੇਖਣੇ ਆਇਆਈ ॥ ਛੱਬ ਨਜ਼ਰ ਲੈਕੇ ਮਿਲੀਂ ਹੋਇ ਰਯਤ ਫ਼ੌਜਦਾਰ ਬਹਾਲ ਹੁਨ ਆਇਆਈ ॥ ਉਸਦੀ ਨਿਗ਼ਾ ਨੂੰ ਆਬ ਹਯਾਤ ਹਯਾ ਕਾਹਿ ਭਾਬੀਏ ਝਗੜਾ ਪਾਇਆਈ ॥ ਮਾਰ ਹਾਲ ਥੀਂ ਚਾਇ ਬੇਹਾਲ ਕੀਤੋ ਐਡਾ ਜੱਟੀਏ ਕਹਰ ਵਧਾਇਆਈ ॥ ਕਤਲਾਮ ਚਾਯਾ ਬਾਗ਼ ਮੁਲਕ ਹੋਇਆ ਨੈਣਾਂ ਵਾਲੀਏ ਗ਼ੈਬ ਕਿਉਂ ਚਾਇਆਈ ॥ ਖ਼ਾਕ ਲਾਇਕੇ ਕੰਨ ਪੜਾਇਓਈ ਐਡ ਹੁਸਨ ਦਾ ਗਰਬ

ਵਿਲ ਆਇਆਈ ॥ ਬਚੇ ਓਸ ਫ਼ਕੀਰਥੋਂ ਹੀਰ ਸੋਈ ਹੱਥ ਨੂੰ ਕੇ ਜਿਸ ਬਖ਼ਸ਼ਾਇਆਈ ॥ ਇਕੇ ਮਾਰ ਜਾਸੀ ਇਕੇ ਭਾਰ ਜਾਸੀ ਏਹ ਮੀਂਹ ਅਨਿਆਉਂਦਾ ਆਇਆਈ ॥ ਅਮਲ ਫੌਤ ਤੇ ਵਡੀ ਦਸਤਾਰ ਕੁਲੀ ਕੇਹਾ ਭੀਲਦਾ ਸਾਂਗ ਬਣਾਇਆਈ ॥ ਵਾਰਸ ਕੌਲ ਭੁਲਾਇਕੇ ਖੇਡ ਹੁਧਾਂ ਕੇਹਾ ਨਵਾਂ ਮਖ਼ੌਲ ਜਗਾਇਆਈ ॥

॥ ਕਲਾਮ ਹੀਰ ॥

ਹੀਰ ਆਖਦੀ ਜਾਇਕੇ ਖੋਲ੍ਹ ਬੁਕਲ ਉਸਦੇ ਦੇਸ ਨੂੰ ਫੂਕ ਵਿਖਾਵਨੀਹਾਂ ॥ ਨੈਣ ਚਾੜ੍ਹਕੇ ਸਾਣ ਤੇ ਕਰਾਂ ਪੁਰਜੇ ਕਤਲ ਆਸ਼ਕਾਂਦੀ ਉੱਤੇ ਧਾਵਨੀ ਹਾਂ ॥ ਅਜੇ ਚਾਕ ਸੀ ਪਾਕ ਕਰ ਸਾੜ ਸੁਟਾਂ ਉਸਦੇ ਇਸ਼ਕਨੂੰ ਸਿਕਲਚੜ੍ਹਾਵਨੀਹਾਂ ॥ ਉਸਦੇ ਪੈਰਾਂਦੀਖ਼ਾਕਹੈ ਜਾਨ ਮੇਰੀ ਸਾਰੇ ਸੱਚ ਦੀ ਨਿਸ਼ਾਲੈਆਵਨੀ ਹਾਂ ॥ ਮੋਇਆ ਪਿਆ ਹੈ ਨਾਲ ਫ਼ਿਰਾਕ ਰਾਂਝਾ ਈਸੇ ਵਾਂਗ ਮੁੜ ਫੇਰ ਜੀਵਾਵਨੀ ਹਾਂ ॥ ਵਾਰਸਸ਼ਾਹ ਪਤੰਗ ਨੂੰ ਸ਼ਮਾ ਵਾਂਗੂ ਅੱਗ ਲਾਇਕੇ ਸਾੜ ਵਿਖਾਵਨੀ ਹਾਂ ॥

॥ ਕਲਾਮ ਸ਼ਾਇਰ ॥

ਹੀਰ ਨ੍ਹਾਇਕੇ ਪੱਟ ਦਾ ਪਹਿਨਤੇਵਰ ਕੇਸੀਂ ਅਤਰ ਫੁਲੇਲ ਮਲਾਂਵਦੀਹੈ ॥ ਵਲ ਪਾਇਕੇ ਮੇਢੀਆਂ ਕਾਲੀਆਂਨੂੰਗੋਰੇ ਮੁਖ ਪਰ ਜ਼ੁਲਫ਼ਪਲਮਾਂਵਦੀਹੈ ॥ ਕੱਜਲ ਭਿੰਨੜੇ ਨੈਨ ਅਪਰਾਧ ਲੁਟੇ ਦੋਵੇਂ ਹੁਸਨ ਦੇ ਕਟਕ ਲੈ ਧਾਂਵਦੀ ਹੈ ॥ ਮਲੇ ਵਟਨਾ

ਹੋਠਾਂ ਤੇ ਲਾਇ ਸੁਰਖ਼ੀ ਨਵਾਂ ਲੋੜ੍ਹ ਤੇ ਲੋੜ੍ਹ ਚੜ੍ਹਾਂਵਦੀ ਹੈ ॥
ਸਿਰੀ ਸਾਫ਼ਦਾਰ ਫ਼ਨ ਪਹਿਨ ਸੂਹਾ ਕੰਨੀਵਾਲੀਆਂ ਝੁਕਝੁਕ
ਪਾਂਵਦੀ ਹੈ ॥ ਘੱਤ ਝਾਂਝਰਾਂ ਲੋੜ੍ਹ ਦੇ ਸਿਰੇ ਚੜ੍ਹਕੇ ਹੀਰ ਸਿਆਲ
ਲਟਕਦੀ ਆਂਵਦੀ ਹੈ ॥ ਕੀਮਖਾਅ ਦੀ ਚੋਲੜੀ ਪਹਿਨ ਬੈਠੀ
ਖੈਂਚ ਆਸ਼ਕਾਂ ਦੇ ਤਨ ਲਾਂਵਦੀ ਹੈ ॥ ਹਾਥੀ ਮਸਤ ਛਣੱਕ-
ਦਾ ਜਿਵੇਂ ਆਵੇ ਖ਼ਲਕਤ ਦੇਖਕੇ ਕਤਲ ਹੋ ਜਾਂਵਦੀ ਹੈ ॥
ਨੈਨ ਮਸਤ ਤੇ ਲੋੜ੍ਹ ਦੇ ਸਿਰੇ ਚੜ੍ਹਕੇ ਸ਼ਾਹ ਪਰੀ ਛਣੱਕਦੀ
ਆਂਵਦੀ ਹੈ ॥ ਟਿੱਕਾ ਬਿੰਦਲੀ ਬਣੀ ਹੈ ਨਾਲ ਲੂਲ੍ਹਾਂ ਵਾਂਗ
ਮੋਰਦੇ ਪਾਇਲਾਂ ਪਾਂਵਦੀ ਹੈ ॥ ਕਦੀ ਕੱਢਕੇ ਘੁੰਡ ਲੁਕ੍ਹਾਇ
ਦੇਂਦੀ ਕਦੀ ਖੋਲ੍ਹਕੇ ਮਾਰ ਮੁਕਾਂਵਦੀ ਹੈ ॥ ਘੁੰਡ ਖੋਲ੍ਹਕੇ
ਲਟਕ ਦਿਖਾਇ ਸਾਰੀ ਜੱਟੀ ਰੁਠੜਾ ਯਾਰ ਮਨਾਂਵਦੀ ਹੈ ॥
ਵਾਰਸ ਮਾਲ ਦੇ ਨੂੰ ਸਭ ਖੋਲ੍ਹ ਦੌਲਤ ਵਖੋਵਖ ਕਰ ਲਾਇ
ਦਿਖਾਂਵਦੀ ਹੈ ॥ ਵਾਰਸਸ਼ਾਹ ਤਾਂ ਪੀਰ ਦੀ ਨਜ਼ਰ ਚੜ੍ਹਿਆ
ਖ਼ਲਕਤ ਸੈਂਢੀਆਂ ਕੂਕਦੀ ਆਂਵਦੀ ਹੈ ॥

॥ ਆਵਨਾ ਹੀਰ ਦਾ ਪਾਸ ਰਾਂਝੇ ਦੇ ॥

ਜੋਗੀ ਵੇਖ ਕੇ ਆਖਦਾ ਪਰੀ ਕਾਈ ਭਾਂਵੇਂ ਸੋਹਣੀ ਹੀਰ
ਸਿਆਲ ਹੋਵੇ ॥ ਕੋਈ ਹੂਰ ਕਿ ਮੋਹਣੀ ਇੰਦ੍ਰਾਣੀ ਹੀਰ
ਹੋਵੇ ਤਾਂ ਸਹੀਆਂ ਦੇ ਨਾਲ ਹੋਵੇ ॥ ਰਾਂਝਾ ਆਖਦਾ ਅਬਰ
ਬਹਾਰ ਆਯਾ ਭਾਵੇਂ ਜੰਗਲਾਈ ਲਾਲੋ ਲਾਲ ਹੋਵੇ ॥ ਠਾਠਾਂ
ਜੋੜਕੇ ਬੱਦਲਾਂ ਘਟਾ ਬੱਧੀ ਵੇਖਾਂ ਕੇਹੜਾ ਦੇਸ ਨਿਹਾਲ ਹੋਵੇ ॥

ਚਮਕ ਨੂਰ ਖੁਦਾਇਦਾ ਮੁੱਖ ਸੁਰਖੀ ਜਿਸਤੇ ਪਵੇਗੀ ਨਜ਼ਰ ਖੁਸ਼ਹਾਲ ਹੋਵੇ ॥ ਨੇੜੇ ਆਇਕੇ ਕਾਲਜੇ ਧਾਇ ਲੱਗੀ ਜਿਵੇਂ ਮਸਤ ਕੋਈ ਨਸ਼ੇ ਨਾਲ ਹੋਵੇ ॥ ਵਲ ਪਾਇਕੇ ਮੇਢੀਆਂ ਖੂਨੀਆਂ ਨੂੰ ਜੁਲਫ਼ ਮੁਖ ਗੋਰੇ ਲਟਕਨਾਲ ਹੋਵੇ ॥ ਡੌਲ ਡਾਲ ਤੇ ਲਟਕ ਦੀ ਚਾਲ ਸੁੰਦਰ ਜਿਵੇਂ ਪੇਖਣੇ ਦਾ ਕੋਈ ਖਿਆਲ ਹੋਵੇ ॥ ਯਾਰ ਸੋਈ ਮਹਿਬੂਬ ਤੋਂ ਫਿਦਾ ਹੋਵੇ ਚੇਲਾ ਸੋਈ ਜੋ ਮੁਰਸ਼ਦਦੇ ਨਾਲ ਹੋਵੇ ॥ ਵਾਰਸ ਸ਼ਾਹ ਆਈਬਣੀ ਰਾਂਝਣੇ ਨੂੰ ਜਿਵੇਂ ਜੌਹਰੀ ਦੇ ਹੱਥ ਲਾਲ ਹੋਵੇ ॥

॥ ਕਲਾਮ ਹੀਰ ॥

ਘੁੰਡ ਖੋਲ੍ਹਕੇ ਹੀਰ ਦੀਦਾਰ ਦਿੱਤਾ ਰਹੀ ਹੋਸ਼ ਨਾ ਅਕਲ ਬੇਤਾਬ ਕੀਤਾ॥ ਲੰਕਾ ਬਾਗ਼ ਦੀ ਪਰੀ ਨੇ ਝਾਕ ਦਿਤੀ ਸੀਨਾ ਪਕੜ ਕੇ ਚਾਕ ਦਾ ਚਾਕ ਕੀਤਾ ॥ ਬੰਨ੍ਹ ਮਾਪਿਆਂ ਜ਼ਾਲਮਾਂ ਟੋਰ ਦਿਤੀ ਤੇਰੇ ਇਸ਼ਕ ਨੇ ਮਾਰ ਕੇ ਖ਼ਾਕ ਕੀਤਾ ॥ ਮਾਈ ਬਾਪ ਤੇ ਅੰਗ ਭੁਲਾਇ ਬੈਠੀ ਅਸਾਂ ਚਾਕ ਨੂੰ ਅਪਨਾ ਸਾਕ ਕੀਤਾ ॥ ਤਾਨੇ ਮਹਣੇ ਖ਼ਲਕ ਦੇ ਬਹੁਤ ਸਹੇ ਸਹੁਰੇ ਪੇਕਿਆਂ ਪਕੜ ਹਲਾਲ ਕੀਤਾ ॥ ਤੇਰੇ ਬਾਝ ਨ ਕਿਸੇ ਨੂੰ ਅੰਗ ਲਾਇਆ ਸੀਨਾ ਸਾੜ ਕੇ ਬਿਰਹੋਂ ਨੇ ਖ਼ਾਕ ਕੀਤਾ ॥ ਅਜੇ ਨਵੀਂ ਨ ਰੋਈ ਇਮਾਨ ਤੇਰੀ ਗੁਵਾਹ ਹਾਲ ਦਾ ਮੈਂ ਰੱਬ ਪਾਕ ਕੀਤਾ ॥ ਵਾਰਸ ਸ਼ਾਹ ਲੈ ਚਲਣਾ ਤੁਸਾਂ ਸਾਨੂੰ ਕਿਸ ਵਾਸਤੇ ਜੀਉ ਗ਼ਮਨਾਕ ਕੀਤਾ ॥

॥ ਕਲਾਮ ਰਾਂਝਾ ॥

ਚੌਧਰਾਈਆਂ ਛੱਡਕੇ ਚਾਕ ਬਨਿਆਂਮਹੀਂ ਚਾਰਕੇ ਅੰਤਨੂੰ ਚੋਰ ਹੋਏ॥ਕਉਲਕੁਆਰੀਆਂਦੇਲੌਹੜੇਮਾਰੀਆਂਦੇ ਔਲੇ ਹਾਰੀਆਂ ਦੇ ਹੋਰ ਹੋਰ ਹੋਏ ॥ ਮਾਉਂ ਬਾਪ ਜ਼ੁਬਾਨ ਦੇ ਕੌਲ ਹਾਰੇ ਕੰਮ ਖੇੜਿਆਂ ਦੇ ਜੋਰੋਜੋਰ ਹੋਏ ॥ ਰਾਹ ਸਚਦੇ ਤੇ ਧਰਨ ਕਦਮ ਨਾਹੀਂ ਜਿਨ੍ਹਾਂ ਖੋਟਿਆਂਦੇਮਨ ਖੋਰ ਹੋਏ॥ ਤੇਰੇ ਵਾਸਤੇ ਮਿਲੇ ਹਾਂ ਕੱਢ ਦੇਸੋਂ ਦੇਸ ਆਪਣੇ ਦੇ ਅਸੀ ਚੋਰਹੋਏ॥ਵਾਰਸਸ਼ਾਹ ਨੈਨਾਂ ਟੂਣੇਹਾਰੀਆਂ ਨੀ ਮਾਰੇ ਹੀਰ ਦੇ ਹੁਸਨ ਦੇ ਮੋਰ ਹੋਏ॥

॥ ਜਵਾਬ ਹੀਰ ॥

ਮਿਹਤਰ ਨੂਹ ਦੇ ਬੇਟਿਆਂ ਜ਼ਿਦਬੱਧੀ ਡੁਬ ਮੋਏ ਨੀ ਛੱਡ ਟਿਕਾਣਿਆਂ ਨੂੰ ॥ ਯਾਕੂਬ ਦੇ ਬੇਟਿਆਂ ਜ਼ੁਲਮ ਕੀਤਾ ਸੁਣਿਆਹੋਸੀਆ ਯੂਸਫਦਿਆਂਵਾਨਿਆਂਨੂੰ॥ਹਾਬੀਲਕਾਬੀਲ ਦੇ ਜੰਗ ਹੋਏ ਛੱਡ ਗਏਨੀ ਕੁਤਬ ਟਿਕਾਣਿਆਂ ਨੂੰ ॥ ਜੇਮ ਜਾਣਦੀਮਾਪਿਆਂਬਿਨ੍ਹਦੇਨੀ ਛੱਡਚਲਦੀਝੰਗਮਗਿਹਾਣਿਆਂ ਨੂੰ ॥ ਪੱਤਹੱਕਦੀ ਕਲਮ ਤਕਦੀਰਮੁਕੀਕੌਣਮੋੜਦਾ ਰੱਬਦੇ ਭਾਣਿਆਂ ਨੂੰ ॥ ਕਿਸੇ ਤਤੜੇ ਵਕਤ ਸੀ ਨੇਹੁ ਲਾਇਆ ਭੁਸਾਂ ਬੀਜਿਆ ਭੁੰਨਿਆਂ ਦਾਣਿਆਂ ਨੂੰ ॥ ਸਾਢੇ ਤਿੰਨ ਹੱਥਜ਼ਿਮੀਂ ਹੈ ਮਿਲਕ ਤੇਰਾਵਲੇਂ ਕਾਸਨੂੰ ਐਡ ਵਿਲਾਣਿਆਂ ਨੂੰ ॥ ਗੁੰਗਾ ਨਹੀਂ ਕੁਰਾਨਦਾਹੋਇਹਾਲਜ਼ ਅੰਨ੍ਹਾਦੇਖਦਾਨਹੀਂ ਟਿਟਾਣਿਆਂ ਨੂੰ॥ ਵਾਰਸਸ਼ਾਹਅਲਾਹ ਬਿਨ ਕੌਣ ਪੁਛੇ ਅਸਾਂਦੁਖੀਆਂਅਤੇ

ਨਿਤਾਣਿਆਂ ਨੂੰ ॥

॥ ਕਲਾਮ ਰਾਂਝਾ ॥

ਤੇਰੇ ਮਾਪਿਆਂ ਸਾਕ ਕੁਥਾਇਕੀਤਾ ਅਸੀ ਰੁਲਦੜੇਰਹਿਗਏ ਪਾਸਿਆਂਤੇ ॥ ਆਪ ਪਰਣ ਗਈਓਂ ਨਾਲ ਖੇੜਿਆਂਦੇ ਸਾਡੀ ਗੱਲ ਗਵਾਈਆ ਹਾਸਿਆਂਤੇ॥ ਸਾਨੂੰ ਮਾਰਕੇ ਹਾਲ ਬੇਹਾਲ ਕੀਤੋ ਆਪ ਹੋਈਏਂ ਵਾਥਿਆਂ ਧਾਸਿਆਂਤੇ॥ ਸਾਡੇ ਤਿੰਨਮਣ ਦੇਹ ਸੋ ਫਿਦਾ ਕੀਤੀ ਆਇ ਰਹੀਹੈ ਤੋਲਿਆਂ ਮਾਸਿਆਂਤੇ ॥ ਮੈਂਗ਼ਾਂ ਪੌਂ ਬਾਰਾਂ ਪੈਨ ਤਿੰਨ ਕਾਣੇ ਲਿਖੇ ਏਸ ਜ਼ਮਾਨੇ ਦੇ ਪਾਸਿਆਂ ਤੇ ॥ ਵਾਰਸਸ਼ਾਹ ਵਿਸਾਹ ਕੀ ਜ਼ਿੰਦਗੀਦਾਸਾਡੀ ਉਮਰ ਹੈ ਨਕਸ਼ ਪਤਾਸਿਆਂ ਤੇ ॥

॥ ਕਲਾਮ ਹੀਰ ॥

ਜੋ ਕੋਈ ਏਸ ਜਹਾਨਵਿਚਆਦਮੀ ਹੈ ਰੋਂਦਾ ਮਰੇਗਾ ਉਮਰ ਨੂੰ ਝੂਰਦਾਈ ॥ ਸਦਾ ਖੁਸ਼ੀ ਨਾਂਹੀਂ ਕਿਸੇ ਨਾਲ ਬੰਦੇ ਏਹ ਜ਼ਿੰਦਗੀ ਭੇਸ ਜ਼ੰਬੂਰਦਾਈ ॥ ਬੰਦਾ ਜੀਵਣੇ ਦੀ ਕਰੇ ਨਿਤ ਆਸਾ ਅਜ਼ਰਾਈਲਭੀ ਸਿਰ ਉੱਤੇਘੂਰਦਾਈ ॥ ਵਾਰਸਸ਼ਾਹ ਇਸਇਸ਼ਕ ਦੇਕਰਨਹਾਰਾਵਾਲਵਾਲ ਨਿਖਾਰਕੇਚੂਰਦਾਈ ॥ ਤੁਸੀਂਕਰੋਜੇ ਹੁਕਮ ਤਾਂਘਰੀਂਜਾਈਏ ਨਾਲ ਸਹਿਤੀ ਦੇ ਸਾਜ ਬਨਾਈਏਜੀ ॥ ਕਾੜ੍ਹਾ ਇਸ਼ਕਦਾ ਖੁਸ਼ਕਰਾਮਨਾਕ ਹੋਇਆ ਮੀਂਹ ਅਕਲ ਦੇ ਨਾਲ ਵਰਸਾਈਏ ਜੀ ॥ ਕਿਵੇਂ ਕਰਾਂ ਮੈਂ ਅਕਲ ਦੇ ਨਾਲ ਜੰਨਤ ਡਾਢੇ ਇਸ਼ਕ ਦੀ ਅੱਗ ਬੁਝਾਈਏਜੀ॥

ਜਾਇ ਤ੍ਰਿਆਰੀਆਂ ਤੁਰਨ ਦੀਆਂ ਝੱਬ ਕਰੀਏ ਸਾਨੂੰ ਸੱਜਣੋਂ ਹੁਕਮ ਕਰਾਈਏ ਜੀ॥ ਹਜ਼ਰਤ ਸੂਰਤ ਇਖ਼ਲਾਸ ਲਿਖਦੇਓ ਮੈਨੂੰ ਫ਼ਾਲ ਕੁਰਾ ਨਜੂਮ ਦਾ ਪਾਈਏ ਜੀ ॥ ਖੋਲ੍ਹ ਫ਼ਾਲ ਦੇ ਕਾਜ ਦੀਵਾਨ ਹਾਫ਼ਜ਼ ਵਾਰਸਸ਼ਾਹ ਤੋਂ ਸ਼ਗਨ ਪੁਛਾਈਏ ਜੀ॥

॥ ਕਲਾਮ ਸ਼ਾਇਰ ॥

ਅੱਵਲ ਪੈਰ ਪਕੜੇ ਇਤਰਾਜ਼ ਕਰਕੇ ਫੇਰ ਨਾਲ ਕਲੇਜੇ ਦੇ ਲੱਗ ਗਈ ॥ ਨਵਾਂ ਤੌਰ ਅਜੂਬ ਦਾ ਨਜ਼ਰ ਆਇਆ ਵੇਖੋ ਜਲ ਪਤੰਗ ਤੇ ਅੱਗ ਗਈ ॥ ਕੇਹੀ ਲੱਗ ਗਈ ਚਿਣਗ ਲੱਗ ਗਈ ਖ਼ਬਰ ਜੱਗ ਗਈ ਵੱਜ ਤੂੰਗ ਗਈ ॥ ਯਾਰੋ ਠੱਗਾਂ ਦੀ ਰੇਵੜੀ ਹੀਰ ਜੱਟੀ ਮੂੰਹ ਲੱਗਦਿਆਂ ਯਾਰ ਨੂੰ ਠੱਗ ਗਈ॥ ਲੱਗਾ ਮਸਤ ਹੋ ਕਮਲੀਆਂ ਕਰਨ ਗੱਲਾਂ ਦੁਵਾਇ ਕਿਸੇ ਫ਼ਕੀਰ ਦੀ ਵੱਗ ਗਈ॥ ਅੱਗੇ ਧੂਆਂ ਧੁਖੰਦੜਾ ਸੇਜ਼ਿਆਂ ਦਾ ਹੁਣ ਫੂਕ ਕੇ ਝੁੱਗੜੇ ਅੱਗ ਗਈ ॥ ਹੁਣ ਜੋਗੀ ਦਾ ਬਾਗ ਵਿਚ ਮੇਲ ਹੋਇਆ ਗੱਲ ਆਮ ਮਸ਼ਹੂਰ ਹੋ ਜੱਗ ਗਈ ॥ ਵਾਰਸ ਤੁਰਿਆਂ ਨੂੰ ਰੱਬ ਮੇਲਦਾਈ ਵੇਖੋ ਕਮਲੇ ਨੂੰ ਪਰੀ ਲੱਗ ਗਈ ॥

॥ ਕਲਾਮ ਹੀਰ ॥

ਹੀਰ ਹੋਇ ਰੁਖ਼ਸਤ ਰਾਂਝੇ ਯਾਰ ਕੋਲੋਂ ਆਉ ਸਹਿਤੀਏ ਮਤਾ ਪਕਾਈਏ ਜੀ ॥ ਤੂੰਨਾ ਭੰਨ ਫ਼ਕੀਰ ਨੂੰ ਕੱਢਿਆ ਈ ਕਿਵੇਂ ਏਹ ਹੁਣ ਉਸ ਨੂੰ ਪਾਈਏ ਜੀ॥ ਵਹਿਨ ਰੋੜ੍ਹ ਪਿਆ ਬੇੜਾ ਸ਼ੁਹਦਿਆਂ ਦਾ ਨਾਲ ਕਰਮਾਂ ਦੇ ਬੰਨੜੇ ਲਾਈਏ ਜੀ ॥ ਮੇਰੇ ਵਾਸਤੇ

ਉਸਨੇ ਲਏ ਤਰਲੇ ਕਿਵੇਂ ਉਸਦੀ ਆਸ ਪੁਜਾਈਏ ਜੀ ॥ ਤੈਨੂੰ ਮਿਲੇ ਮੁਰਾਦ ਤੇ ਅਸਾਂ ਮਾਹੀ ਵੱਵੇਂ ਆਪਣੇ ਯਾਰ ਹੰਢਾਈਏ ਜੀ ॥ ਰਾਂਝਾ ਕੰਨ ਪੜਾਇ ਫ਼ਕੀਰ ਹੋਇਆ ਸਿਰ ਉਸਦੇ ਵਰੀ ਚੜ੍ਹਾਈਏ ਜੀ॥ ਹੋਵੇ ਮੇਲ ਜੇ ਚਿਰੀਂ ਵਛੁੰਨਿਆਂ ਦਾ ਯਾਰ ਰੱਜਕੇ ਗਲੀਂ ਲਗਾਈਏ ਜੀ॥ ਬਾਕੀ ਉਮਰ ਰੰਝੇਟੇ ਦੇ ਨਾਲ ਜਾਲਾਂ ਕਿਵੇਂ ਸਹਿਤੀਏ ਡੌਲ ਬਣਾਈਏ ਜੀ॥ ਜੀਉ ਆਸ਼ਕਾਂ ਦਾ ਅਰਸ਼ ਰਬਦਾ ਹੈ ਕਦੇ ਉਸਨੂੰ ਠੰਢ ਪਵਾਈਏ ਜੀ ॥ ਏਹ ਜੋਬਨਾ ਠੱਗ ਬਾਜ਼ਾਰ ਦਾ ਈ ਸਿਰ ਕਿਸੇ ਦੇ ਏਹੁ ਚੜ੍ਹਾਈਏ ਜੀ ॥ ਕਿਸੇ ਰੋਜ਼ ਦਾ ਏਹੁ ਪਰਾਹੁਣਾ ਹੈ ਮਜ਼ੇ ਖ਼ੂਬੀਆਂ ਨਾਲ ਹੰਢਾਈਏ ਜੀ ॥ ਸ਼ੈਤਾਨ ਦੀਆਂ ਅਸੀ ਉਸਤਾਦ ਰੰਨਾਂ ਕੋਈ ਆਉਖਾਂ ਮਕਰ ਫੈਲਾਈਏ ਜੀ॥ ਬਾਗ਼ ਜਾਂਦੀਆਂ ਅਸੀ ਨਾ ਸੋਹਿੰਦੀਆਂ ਹਾਂ ਕਿਵੇਂ ਜੋਗੀ ਨੂੰ ਘਰੀਂ ਲੈ ਆਈਏ ਜੀ॥ ਗਲ ਘੱਤ ਪੱਲਾ ਮੂੰਹ ਘਾ ਲੈਕੇ ਪੈਰੀਂ ਲੱਗਕੇ ਪੀਰ ਮਨਾਈਏ ਜੀ ॥ ਵਾਰਸਸ਼ਾਹ ਗੁਨਾਹ ਦੇ ਅਸੀ ਲੱਦੇ ਦਲ ਸਭ ਤਕਸੀਰ ਬਖ਼ਸ਼ਾਈਏ ਜੀ ॥

॥ ਤਾਨੇ ਮੇਹਣੇਂ ਹੀਰ ਨੂੰ ਸਹਿਤੀ ਦੇਂਦੀ ਹੈ ॥

ਅਗੋਂ ਰਾਇਬਾਂ ਸਾਹੜਾਂ ਬੋਲੀਆਂ ਨੀ ਅੱਜ ਖ਼ੂਹ ਕਿਹਾ ਭਾਬੀ ਗੋਲ੍ਹਿਆਈ ॥ ਸਚ ਦਸਖਾਂ ਲਭਿਓ ਟਹਿਕ ਆਈਏਂ ਸੋਇਨ ਚਿੜੀ ਵਾਂਗੂੰ ਰੰਗ ਫੇਰਿਆਈ ॥ ਮੋਈ ਗਈ ਸੈਂ ਜੀਊਂਦੀ ਆਇ ਵੜੀਏਂ ਸੱਚ ਆਖਕੀ ਸਾਜ ਸਵਾਰਿਆਈ॥ ਅੱਜ ਰੰਗ